ਮਾਸਕ ਪੱਤਰ

ੴ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਤਖ਼ਤ ਸ੍ਰੀ ਕੇਸਗੜ੍ਹ, ਅਨੰਦਪੁਰ ਸਾਹਿਬ

MAR 1988

ਮਾਰਚ ੧੯੮੮



ਅਖੰਡ ਕੀਰਤਨੀ ਜਥਿਆਂ ਵਲੋਂ
ਅਨੰਦਪੁਰ ਸਾਹਿਬ ਵਿਖੇ 29 ਫਰਵਰੀ ਤੋਂ 3 ਮਾਰਚ ਸਵੇਰ ਤਕ ਸਮਾਗਮ

www.AKJ.Org

# ਤ ਤ ਕ ਰਾ


| | | |
|---|---|---|
| ਛੋਡਿ ਅਵਗਣ ਚਲੀਐ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਨਾਮ-ਅੰਮ੍ਰਿਤ-ਰਸ (੩) | ੪ | " " " |
| ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (੨) | ੭ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਸ੍ਰਿੰਘਾਂ ਦਾ ਹੋਲਾ | ੧੫ | ਸ: ਮਦਨ ਸਿੰਘ ਜੀ |
| ਨਿੰਦਾ ਭਲੀ ਕਿਸੈ ਕੀ ਨਾਹੀ | ੧੮ | ਪ੍ਰੋਫੈਸਰ ਹਰਨਾਮ ਸਿੰਘ ਜੀ |
| ਗੁਰਮਤਿ ਵਿਚ ਕਰਾਮਾਤਾਂ | ੨੧ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸ੍ਰੀ ਕੇਸਗੜ੍ਹ ਤੇ ਦਸਮੇਸ਼ ਜੀ ਦੀ ਵੰਗਾਰ (ਕਵਿਤਾ) | ੨੪ | ਗਿਆਨੀ ਗੋਪਾਲ ਸਿੰਘ ਜੀ ਮਿੱਤਰ |
| ਸਿੱਖਾਂ ਵਿਚ ਸਿੱਖੀ ਦਾ ਘਟ ਰਿਹਾ ਅਸਰ | ੨੫ | ਗਿਆਨੀ ਗੁਰਦਿਤ ਸਿੰਘ ਜੀ |
| ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ | ੨੮ | ਸ: ਨਰੈਣ ਸਿੰਘ ਜੀ ਐਮ. ਏ. |
| ਮੀਰੀ ਪੀਰੀ—ਧਰਮ ਸਿਆਸਤ ? | ੩੨ | ਗਿਆਨੀ ਜੰਗ ਸਿੰਘ ਜੀ |
| ਖਾਲਸਈ ਹਲੇਮੀ ਰਾਜ | ੩੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਦਰਦੀਓ ! ਉਠੋ !! ਪੰਥ ਬਚਾਵੋ !!! (ਕਵਿਤਾ) | ੩੭ | ਸ: ਅਤਰ ਸਿੰਘ ਜੀ ਨੀਰ |


| | | | |
|---|---|---|---|
| ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਿਆਈ | ੧੬ ਮਾਰਚ | ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ | ੧੮ ਮਾਰਚ |
| ਸ੍ਰੀ ਗੁਰੂ ਅੰਗਦ ਸਾਹਿਬ ਜੋਤੀ ਜੋਤਿ | ੨੧ ਮਾਰਚ | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤਿ | ੨੨ ਮਾਰਚ |
| ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਿਆਈ | ੩੧ ਮਾਰਚ | ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ ਜੋਤਿ | ੩੧ ਮਾਰਚ |

ਹੋਲਾ ਮਹੱਲਾ ੪ ਮਾਰਚ

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਬੀਬੀ ਰਣਜੀਤ ਕੌਰ ਨੌਰਥੈ ਪਟਨ ਯੂਕੇ | ੮੮-੦੦ | ਭਾਈ ਰਾਮਾ ਸਿੰਘ ਸਾਊਥਾਲ ਯੂਕੇ | ੮੮-੦੦ |
| ਭਾਈ ਕੇਹਰ ਸਿੰਘ ਬਰਮਿੰਘਮ ਯੂਕੇ | ੮੮-੦੦ | ਭਾਈ ਇੰਦਰਪਾਲ ਸਿੰਘ ਮੈਡਨਹੈਡ ਯੂਕੇ | ੮੮-੦੦ |
| ਬੀਬੀ ਗੋਬਿੰਦ ਕੌਰ ਅੰਬਾਲਾ | ੧੦ -੦੦ | ਭਾਈ ਅਮਰਜੀਤ ਸਿੰਘ ਸਾਊਥਾਲ ਯੂਕੇ | ੯੨-੦੦ |
| ਭਾਈ ਜੀਤ ਸਿੰਘ ਡੈਨਮਾਰਕ | ੬੬-੦੦ | | |
| ਸ: ਮੋਹਿੰਦਰ ਸਿੰਘ ਗੋਇੰਦਵਾਲ ਸਾਹਿਬ | | ਭਾਈ ਦਲੀਪ ਸਿੰਘ ਤੇ ਬੀਬੀ ਰਛਪਾਲ ਕੌਰ ਦੇ ਭੋਗ ਸਮੇਂ | ੨੦੦-੦੦ |
| ਸ: ਜੋਗਿੰਦਰ ਸਿੰਘ ਕਾਨਪੁਰ | | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | ੨੧-੦੦ |
| ਸ: ਪਰਮਜੀਤ ਸਿੰਘ ਪਟਿਆਲਾ | | ਬੀਬੀ ਸੁਜਿੰਦਰ ਕੌਰ ਦੀ ਯਾਦ ਵਿਚ | ੧੦-੦੦ |

ਭਾਈ ਰਣਧੀਰ ਸਿੰਘ ਫ਼ਰੀ ਹਸਪਤਾਲ ਲੁਧਿਆਣਾ ਬੰਦ ਹੋ ਜਾਣ ਕਾਰਨ ਹੇਠ ਲਿਖੀ ਪੁਜੀ ਮਾਇਆ ਡਾ: ਕੁਲਵੰਤ ਸਿੰਘ ਰਾਹੀਂ— ਲੁਧਿਆਣਾ ਤੋਂ—ਭਾ: ਗੁਰਦੀਪ ਸਿੰਘ ੨੧), ਭਾ: ਰੂਪਿੰਦਰ ਸਿੰਘ ੧੦੧), ਬੀ: ਇੰਦਰਜੀਤ ਕੌਰ ੫੧), ਆਰ ਐਸ ਗਿਦਾਨਾ ੧੦੫), ਮੈ: ਪਾਲ ਕਾਪੀ ਮੈਨੂੰਫੈਕਚਰਰਸ ੬੬),ਮੈ: ਸਗਰ ਸੰਸ ੨੦), ਮੈ: ਫਰਨੀਚਰ ਪੈਰਾਡਾਈਜ਼ ੩੦), ਭਾ: ਹਰਲੀਨ ਸਿੰਘ ੫੫), ਮੁਹਾਲੀ ਤੋਂ—ਭਾ: ਭੂਪਿੰਦਰ ਸਿੰਘ ੧੦੧), ਭਾ: ਗੁਰਚਰਨ ਸਿੰਘ ੫੦), ਗੁਪਤ ੨੦), ਭਾ: ਹਰਬੰਸ ਸਿੰਘ ੧੧) ਭਾ: ਪ੍ਰੇਮ ਸਿੰਘ ੧੦੦), ਭਾ: ਨਰਿੰਦਰ ਸਿੰਘ ੧੦੦), ਭਾ: ਜਗਜੀਤ ਸਿੰਘ ੧੦੦), ਭਾ: ਦੇਵਾ ਸਿੰਘ ੨੦), ਭਾ: ਸੁਮਰਾਮ ਸਿੰਘ ੧੦), ਭਾ: ਹਰਭਜਨ ਸਿੰਘ ੧੦੦), ਭਾ: ਗੁਰਚਰਨ ਸਿੰਘ ੧੦੦), ਭਾ: ਸਾਹਿਬ ਸਿੰਘ ੫੧), ਭਾ: ਅਰਜਨ ਸਿੰਘ ੫੧), ਬੀਬੀ ਕਰਤਾਰ ਕੌਰ ੫੦)

ਜੋੜ ੧੩੧੩-੦੦


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੩-੮੮ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 51847 ਘਰ : 43094



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਿਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ

ਦੇਸ ੧੫-੦੦

ਇਕ ਪਰਚਾ ੧-੫੦

ਪਰਦੇਸ (ਸਾਰੇ ਦੇਸ)

ਸਾਲਾਨਾ ਚੰਦਾ

ਸਮੁੰਦਰੀ ਡਾਕ ੪੦-੦੦

ਹਵਾਈ ਡਾਕ ੧੦੦-੦੦

Foreign Subscription

Sea Mail 40-00

Air Mail 100-00

ਅਮਾਨਤੀ

ਲਾਈਫ਼ ਮੈਂਬਰ

ਦੇਸ ੧੫੦-੦੦

ਪਰਦੇਸ (ਸਾਰੇ ਦੇਸ)

ਸਮੁੰਦਰੀ ਡਾਕ ੪੦੦-੦੦

ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੨ ਮਾਰਚ ੧੯੯੮ ਅੰਕ ੩


## ਛੋਡਿ ਅਵਗਣ ਚਲੀਐ

ਗੁਰਸਿਖ ਪਰਸਪਰ ਮਿਲ ਕੇ ਪਰਸਪਰੀ ਗੁਣਾਂ ਦੀ ਸਾਂਝ ਹੀ ਸਦੀਵੀ ਪਾਈ ਰਖਦੇ ਹਨ। "ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ" ਵਾਲੀ ਗੁਰਵਾਕ ਦੀ ਤੁਕ ਉਪਰ ਅਮਲ ਕਰਦੇ ਹੋਏ ਅਵੱਸ਼ ਅਗਲੀ ਤੁਕ ਦੀ ਅੰਦਰਲੀ ਗੁਣ-ਧਾਰਨਾ ਦੇ ਭੀ ਧਾਰਨੀ ਬਣਦੇ ਹਨ–"ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ।" ਵਾਹ ਕੈਸੀ ਉਤਮ ਗੁਰਮਤੜੀ! ਕੈਸੀ ਸੁਹਣੀ ਗੁਰ-ਸਿਖਿਆ ਹੈ!! ਵਾਹੁ! ਧੰਨ!! ਗੁਰਸਿਖਾਂ ਨੂੰ ਗੁਰਸਿਖਾਂ ਦੇ ਪਰਸਪਰੀ ਗੁਣਾਂ ਦੀ ਸਾਂਝ ਦਾ ਹੀ ਇਸ਼ਕ ਬਣਿਆ ਰਹਿੰਦਾ ਹੈ। ਉਹਨਾਂ ਨੂੰ ਇਕ ਦੂਜੇ ਦੇ ਅਉਗਣਾਂ ਨਾਲ ਕੋਈ ਵਾਸਤਾ ਨਹੀਂ ਹੁੰਦਾ। "ਛੋਡਿ ਅਵਗਣ ਚਲੀਐ" ਵਾਲੀ ਗੁਰਸਿਖੀ ਉਤੇ ਉਹਨਾਂ ਦਾ ਪੂਰਾ ਅਮਲ ਹੁੰਦਾ ਹੈ। ਕਿਸੇ ਦੇ ਅਉਗਣਾਂ ਨੂੰ ਨਾ ਚਿਤਾਰਨਾ, ਦੂਜੇ ਦੇ ਅਉਗਣਾਂ ਨੂੰ ਨਾ ਤੱਕਣਾ, ਜੇ ਤੱਕਣਾ ਤਾਂ ਵੇਖ ਕੇ ਅਣਡਿੱਠ ਕਰ ਦੇਣਾ, ਗੁਰਮੁਖ ਗੁਰਸਿਖਾਂ ਦਾ ਬਿਰਦ ਹੈ।

ਗੁਰਸਿਖਾਂ ਸੇਤੀ ਗੁਣਾਂ ਦੀ ਸਾਂਝ ਅਤੇ ਅਵਗੁਣਾਂ ਦਾ ਤਿਆਗ ਇਹ ਪਰਸਪਰ ਪਿਆਰ-ਉਪਜਾਊ ਸੱਚਾ ਪ੍ਰੇਮ-ਨੁਸਖ਼ਾ ਹੈ, ਜਿਸ ਦੇ ਵਰਤਣ ਕਰਿ ਪ੍ਰੇਮ ਦੀ ਪੀਡੀ ਗੰਢ ਗੁਰਸਿਖਾਂ ਵਿਚਕਾਰ ਪਈ ਰਹਿੰਦੀ ਹੈ, ਜੋ ਕਦੇ ਨਹੀਂ ਟੁਟਦੀ। ਟੁਟੇ ਕਿਵੇਂ, ਨਾਮ ਦੀ ਆਕ੍ਰਖਣੀ ਤਾਰ-ਡੋਰੀ ਇਹ ਗੰਢ ਜੋੜੀ ਰਖਦੀ ਹੈ। ਗੁਰਮੁਖਿ ਨਾਮ-ਤਾਰ-ਪ੍ਰੋਤੇ ਹਿਰਦਿਆਂ ਅੰਦਰ ਇਕੋ ਜਲਵ-ਜਗੰਨ-ਜੋਤੀਸ਼ ਦੀ ਸਾਂਝੀ ਤਾਰ ਜੁ ਫਿਰੀ ਹੋਈ ਹੈ। ਸੱਚੀ ਸਾਂਝੀਵਾਲਤਾ ਦੀ ਇਹ ਨਾਮ-ਤਰਬ-ਤ੍ਰੰਗੀ-ਤਾਰ ਕਦੇ ਤੋੜੀ ਤੁਟਦੀ ਨਹੀਂ ਅਤੇ ਛੋੜੀ ਛੁਟਦੀ ਨਹੀਂ।

[ਭਾ: ਸਾ: ਰਣਧੀਰ ਸਿੰਘ ਲਿਖਤ ਪੁਸਤਕ 'ਗੁਰਮਤਿ ਵਿਚਾਰ' ਪੰਨਾ ੨੦੯

www.AKJ.Org

# ਨਾਮ-ਅੰਮ੍ਰਿਤ-ਰਸ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

## [ਤੀਜੀ ਕਿਸ਼ਤ]

ਨੋਟ :—ਰਾਜ ਮੰਦਰੀ ਜੇਲ੍ਹ (ਆਂਧਰਾ ਪ੍ਰਦੇਸ਼) ਦੀ ਵਾਰਤਾ ਹੈ। ਭਾਈ ਕਰਤਾਰ ਸਿੰਘ ਜੀ ਕੈਨੇਡੀਅਨ ਭਾਈ ਸਾਹਿਬ ਰਣਧੀਰ ਸਿੰਘ ਜੀ ਪਾਸ 'ਅੰਮ੍ਰਿਤ ਕੀ ਹੈ' ਦੇ ਸੰਬੰਧ ਵਿਚ ਕੁਝ ਪ੍ਰਸ਼ਨ ਕਰ ਰਹੇ ਹਨ। ਇਸ ਲੇਖ ਵਿਚ ਪ੍ਰਸ਼ਨ ਕਰਨ ਵਾਲਾ "ਮੈਂ" ਭਾਈ ਕਰਤਾਰ ਸਿੰਘ ਜੀ ਕੈਨੇਡੀਅਨ ਹਨ, ਉਨ੍ਹਾਂ ਦੇ ਉਤਰ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਰਹੇ ਹਨ। —ਸੰਪਾਦਕ

**ਮੈਂ**—ਭਾਈ ਸਾਹਿਬ ਜੀ ! ਇਹ ਤਾਂ ਸਪੱਸ਼ਟ ਹੋ ਗਿਆ ਕਿ ਅੰਮ੍ਰਿਤ-ਰਸੁ ਮਿੱਠਾ ਹੈ, ਪਰ ਮੈਨੂੰ ਤਾਂ ਅਮੰਨਾ ਤਦ ਹੀ ਆਵੇ ਜੇ ਮੈਂ ਵੀ ਚਖ ਕੇ ਵੇਖ ਸਕਾਂ। ਕਿਸੇ ਐਸੇ ਤਰੀਕੇ ਨਾਲ ਸਮਝਾਉ ਅਤੇ ਮਿਠਾਸ ਰਸ ਵਾਂਗੂ ਅੰਮ੍ਰਿਤ ਦੇ ਸਾਰੇ ਗੁਣਾਂ ਨੂੰ ਖੋਲ੍ਹ ਕੇ ਦਸੋ ਤਾਂਕਿ ਮੈਂ ਵੀ ਅੰਮ੍ਰਿਤ-ਰਸ ਚਖਣ ਦੀ ਵਾਹ ਲਾਵਾਂ।

**ਭਾਈ ਸਾਹਿਬ**—(ਮੇਰੇ ਸਿਰ ਵਲ ਝਾਕੇ ਤੇ ਕਿਹਾ) ਹਾਂ ! ਹਾਂ !! ਠੀਕ ਹੈ, ਸਾਫ਼ ਸਾਫ਼ ਕਹੋ ਕਿ ਮੇਰੇ ਕੀਤੇ ਸਾਰੇ ਪ੍ਰਸ਼ਨਾਂ ਦਾ ਉੱਤਰ ਅਜੇ ਨਹੀਂ ਆਇਆ। ਉਹ ਇਹ ਹੀ ਸਨ ਕਿ ਹੋਰ :—

੧. ਕੀ ਅੰਮ੍ਰਿਤ-ਰਸ ਹਰ ਇਕ ਅੰਮ੍ਰਿਤਧਾਰੀ ਨੂੰ ਪ੍ਰਾਪਤ ਹੋ ਸਕਦਾ ਹੈ ?
੨. ਮੈਨੂੰ ਅੰਮ੍ਰਿਤ-ਰਸ ਕਿਉਂ ਪ੍ਰਾਪਤ ਨਹੀਂ ਹੋਇਆ, ਕੀ ਕਮੀ ਰਹੀ ?
੩. ਤੁਸਾਨੂੰ ਕਿਸ ਤਰ੍ਹਾਂ ਪਤਾ ਲਗਾ ਕਿ ਮੈਨੂੰ ਰਸ ਨਹੀਂ ਲੱਭਾ ?
੪. ਅੰਮ੍ਰਿਤ-ਰਸ ਲਭਣ ਵਾਸਤੇ ਕੀ ਕੀ ਸਾਧਨ ਕਰਾਂ ?

ਸੋ ਤੇਰੇ ਪਹਿਲੇ ਦੋ ਪ੍ਰਸ਼ਨਾਂ ਦੇ ਉੱਤਰ ਤਾਂ ਦਿਤੇ ਜਾ ਚੁਕੇ ਹਨ, ਤੀਜੇ ਅਤੇ ਚੌਥੇ ਦੇ ਬਾਕੀ ਹਨ। ਅਜਿਹੇ ਪ੍ਰਸ਼ਨਾਂ ਦੇ ਉੱਤਰ ਖ਼ਾਸ ਕਰਕੇ ਭਾਈ ਗੁਰਦਾਸ ਜੀ ਨੇ ਚੰਗੀ ਤਰ੍ਹਾਂ ਦਿਤੇ ਹਨ, ਜੈਸਾ ਕਿ ਉਨ੍ਹਾਂ ਦੇ ਮਹਾਂਵਾਕ ਤੋਂ ਸਿਧ ਹੈ :—

ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗ, ਪ੍ਰੀਤਮ ਕੈ ਦੇਸ ਕੈਸੇ ਬਾਤਨ ਸੇ ਜਾਈਐ ॥
ਪੂਛਤ ਹੈ ਬੈਦ ਖਾਤ ਔਖਧਿ ਨ ਸੰਜਮ ਸੈ, ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ ॥
ਪੂਛਤ ਸੁਹਾਗਨਿ ਹੈ ਕਰਮ ਦੁਹਾਗਨਿ ਕੈ, ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ ॥
ਗਾਇ ਸੁਨੈ ਆਂਖੈ ਮੀਚੈ ਪਾਈਐ ਨ ਪਰਮ ਪਦੁ, ਗੁਰ ਉਪਦੇਸ ਗਹਿ ਜੌ ਲੌ ਨ ਕਮਾਈਐ ॥੪੩੯॥
ਕਬਿਤ ਭਾਈ ਗੁਰਦਾਸ ਜੀ

ਖੋਜੀ ਖੋਜਿ ਦੇਖਿ ਚਲਿਓ ਜਾਇ ਪਹੁਚੇ ਠਿਕਾਨੇ, ਆਲਸ ਬਿਲੰਬ ਕੀਏ ਖੋਜ ਮਿਟ ਜਾਤ ਹੈ ॥
ਸਿਹਜਾ ਸਮੈ ਰਮੈ ਭਰਤਾਰ ਬਰ ਨਾਰਿ ਸੋਈ, ਕਰੈ ਜਉ ਆਗਿਆ ਨ ਮਾਨੈ ਪ੍ਰਗਟਤ ਪ੍ਰਾਤ ਹੈ ॥
ਬਰਖਤ ਮੇਘੁ ਜਲ ਚਾਤ੍ਰਿਕ ਤ੍ਰਿਪਤਿ ਪੀਏ, ਮੋਨ ਗਹੇ ਬਰਖ ਬਤੀਤੇ ਬਿਲਲਾਤ ਹੈ ॥
ਸਿਖ ਸੋਈ ਸੁਨਿ ਗੁਰ ਸ਼ਬਦ ਰਹਤ ਰਹੈ, ਕਪਟ ਸਨੇਹ ਕੀਏ ਪਾਛੇ ਪਛੁਤਾਤ ਹੈ ॥੪੪੦॥
ਕਬਿਤ ਭਾਈ ਗੁਰਦਾਸ ਜੀ

ਪਹਿਲਾ ਮਹਾਂ ਵਾਕ ਅੰਮ੍ਰਿਤ-ਅਭਿਲਾਖੀ ਨੂੰ ਬਹੁਤ ਲਾਭਦਾਇਕ ਹੋ ਸਕਦਾ ਹੈ। ਜੇ ਇਸ ਦੇ ਭਾਵ ਨੂੰ ਸਮਝ ਕੇ ਗੁਰਮਤਿ ਨਾਮ (ਗੁਰਮੰਤਰ) ਨੂੰ ਪੂਰੇ ਗੁਰੂ ਵੈਦ ਤੋਂ ਲੈ ਕੇ, ਗੁਰੂ ਦੇ ਦਸੇ (ਪੰਥ) ਰਸਤੇ ਉਤੇ ਚਲ ਕੇ, ਦੁਨਿਆਵੀ ਰੋਗੀ ਵਾਂਗੂੰ ਨਾਮ ਔਖਧ ਖਾ ਕੇ, ਗੁਰਮਤਿ ਰਹਿਤ ਰੂਪੀ ਸੰਜਮ ਰਖ ਕੇ ਗੁਰਮੰਤਰ ਦਾ ਜਾਪ ਜਪੇ ਅਤੇ ਸੋਹਾਗਣ ਇਸਤ੍ਰੀ ਵਾਂਗੂੰ (ਅਕਾਲ ਪੁਰਖ) ਗੁਰੂ ਪ੍ਰਮੇਸ਼ਵਰ ਨੂੰ ਪਤੀ ਸਮਝ ਕੇ, ਅੰਨ੍ਹੇ ਦੁਨਿਆਵੀ ਭੇਖੀ, ਪੀਰਾਂ ਫ਼ਕੀਰਾਂ, ਸੰਤਾਂ ਸਾਧਾਂ ਦੇ ਕਹੇ ਲਗ ਕੇ ਮੜ੍ਹੀਂ ਮਸਾਣੀਂ, ਪਹਾੜੀਂ ਅਤੇ ਜੰਗਲੀਂ ਦੁਹਾਗਣੀ ਇਸਤ੍ਰੀ ਵਾਂਗ ਘਰ ਘਰ



www.AKJ.Org

ਨਾ ਟੱਕਰਾਂ ਮਾਰਦਾ ਫਿਰੇ, ਘਰ ਵਿਚ ਹੀ ਰਹੇ, ਨਾਮ ਜਪੇ। ਇਸ ਮਹਾਂਵਾਕ ਦੇ ਅਰਥ ਭਾਵੇਂ ਕੋਈ ਕਿਸੇ ਤਰ੍ਹਾਂ ਕਰੇ ਜਾਂ ਸਮਝੇ, ਪਰ ਸਿੱਟਾ ਤਾਂ ਇਹੋ ਹੀ ਨਿਕਲਦਾ ਹੈ ਕਿ ਗੁਰਮੰਤਰ ਲਏ ਬਿਨਾਂ ਅਤੇ ਖ਼ਾਸ ਕਰਕੇ ਕਮਾਏ ਬਿਨਾਂ, ਕੋਈ ਪਰਮ ਪਦ ਨਹੀਂ ਪਾ ਸਕਦਾ। ਦੂਜੇ ਮਹਾਂ ਵਾਕ ਦਾਂ ਭਾਵ ਥੋੜੇ ਵਿਚ ਇਉਂ ਸਮਝੋ ਕਿ ਅੰਮ੍ਰਿਤ ਛਕਦੇ ਸਾਰ ਹੀ ਗੁਰਮੰਤਰ ਨੂੰ ਕਮਾਉਣਾ ਅਰੰਭ ਕਰ ਦੇਵੇ ਅਤੇ ਖੋਜੀ ਵਾਂਗੂ ਆਲਸ ਕਰ ਕੇ ਖੋਜ (ਪੈੜ) ਨ ਮਿਟਾਂ ਦੇਵੇ। ਜਿਹੜਾ ਸਿਖ ਏਹਨਾਂ ਮਹਾਂ ਵਾਕਾਂ ਉਤੇ ਅਮਲ ਕਰੇਗਾ ਉਹ ਜ਼ਰੂਰ ਅੰਮ੍ਰਿਤ ਰਸ ਮਾਣਦਾ ਹੋਇਆ ਪਰਮ ਪਦ ਨੂੰ ਪਾਵੇਗਾ, ਅਮਰ ਹੋ ਜਾਵੇਗਾ। ਭਾਈ ਗੁਰਦਾਸ ਜੀ ਦੇ ਦੋਹਾਂ ਵਾਕਾਂ ਵਿਚ ਤੇਰੇ ਪ੍ਰਸ਼ਨਾਂ ਦੇ ਉਤਰ ਆ ਗਏ ਹਨ।

**ਮੈਂ**—ਅਜੇ ਮੇਰੀ ਸਮਝ ਵਿਚ ਨਹੀਂ ਆਇਆ ਕਿ ਮੇਰੇ ਸਾਰੇ ਪ੍ਰਸ਼ਨਾਂ ਦੇ ਉੱਤਰ ਕਿਵੇਂ ਆ ਗਏ ?

**ਭਾਈ ਸਾਹਿਬ**--(੧) ਪਹਿਲੇ ਪ੍ਰਸ਼ਨ ਦਾ ਉੱਤਰ ਤਾਂ ਇਹ ਹੈ ਕਿ ਹਰ ਇਕ ਸਿਖ ਨੂੰ ਅੰਮ੍ਰਿਤ-ਰਸ ਤਾਂ ਹੀ ਪ੍ਰਾਪਤ ਹੋਵੇਗਾ ਜੇ ਹਰ ਇਕ ਸਿਖ ਗੁਰਮੰਤਰ ਗੁਰਮਤਿ ਅਨੁਸਾਰ ਲੈ ਕੇ, ਰਹਿਤ ਰਖ ਕੇ ਕਮਾਈ ਕਰੇਗਾ।

(੨) ਦੂਜੇ ਪ੍ਰਸ਼ਨ ਦਾ ਉੱਤਰ ਇਉਂ ਹੀ ਹੈ ਕਿ ਤੂੰ ਗੁਰਮੰਤਰ ਲੈਂਦੇ ਸਾਰ ਖੋਜੀ ਵਾਂਗੂ ਖੋਜ ਪਿਛੇ ਨਾ ਚਲਿਆ, ਖੋਜ ਮਿਟ ਗਿਆ, ਇਸ ਵਾਸਤੇ ਪ੍ਰੀਤਮ ਦੇ ਦੇਸ ਤ੍ਰਾਂ ਕੀ ਪੁਜਣਾ ਸੀ, ਅੰਮ੍ਰਿਤ-ਰਸ ਤੋਂ ਵੀ ਉਰੇ ਹੀ ਰਹਿ ਗਿਆ।

(੪) ਚੌਥੇ ਪ੍ਰਸ਼ਨ ਦਾ ਉੱਤਰ ਵੀ ਦੋਹਾਂ ਮਹਾਂਵਾਕਾਂ ਦੇ ਭਾਵ ਨੂੰ ਸਮਝ ਕੇ ਜੋ ਉਪਾਵ ਦਸਦੇ ਹਨ, ਕਰੋ।

(੩) ਤੀਜੇ ਪ੍ਰਸ਼ਨ ਦਾ ਉੱਤਰ ਸਾਫ਼ ਹੀ ਹੈ ਕਿ ਤੈਨੂੰ ਅੰਮ੍ਰਿਤ-ਰਸ ਪ੍ਰਾਪਤ ਨਾ ਹੋਣ ਦੀ ਖ਼ਬਰ ਮੈਨੂੰ ਕਿਵੇਂ ਹੋ ਗਈ ? ਇਹ ਇਕ ਮਾਮੂਲੀ ਗੱਲ ਹੈ, ਨਾਮ-ਅਭਿਆਸੀ ਵਾਸਤੇ ਇਹ ਸਮਝ ਲੈਣਾ ਬਹੁਤ ਸੌਖੀ ਗੱਲ ਹੈ, ਕਿਉਂਕਿ ਨਾਮ-ਅਭਿਆਸੀ ਵਿਚ ਵੇਖਣ, ਸੁਣਨ, ਸੁੰਘਣ, ਚਲਣ-ਫਿਰਨ ਤੇ ਮਹਿਸੂਸ ਕਰਨ ਦੀਆਂ ਪੰਜੇ ਇਨਸਾਨੀ ਸਥੂਲ ਸ਼ਕਤੀਆਂ ਦੇ ਸੰਗ-ਸਾਥ ਸੂਖ਼ਮ ਅਸਲੀ ਸ਼ਕਤੀਆਂ ਵੀ ਹੁੰਦੀਆਂ ਹਨ, ਉਹ ਮਨ ਜਿੰਨਾ ਹੀ ਖਿੰਡ ਸਕਦੀਆਂ ਹਨ, ਭਾਵ, ਰੋਮ ਰੋਮ ਨੂੰ ਹੀ ਪ੍ਰਾਪਤ ਹੋ ਸਕਦੀਆਂ ਹਨ, ਰੋਮ ਰੋਮ ਹੀ ਟੈਲੀਫੂਨ ਅਤੇ ਵਾਇਰਲੈੱਸ-ਸਟੇਸ਼ਨ ਟੈਲੀਵੀਜਨ ਸਟੇਸ਼ਨ ਬਣ ਸਕਦੇ ਹਨ। ਰੋਮ ਰੋਮ ਸਟੇਸ਼ਨ ਬਣ ਕੇ ਰੋਮ ਰੋਮ ਹੀ ਸਟੇਸ਼ਨ-ਮਾਸਟਰਾਂ ਦਾ ਕੰਮ ਦੇਂਦੇ ਹਨ। ਦੁਨਿਆਵੀ ਤਾਰ-ਘਰਾਂ ਸਟੇਸ਼ਨਾਂ ਉਤੇ ਆਦਮੀ ਤਾਰ ਲੈਣ ਵਾਸਤੇ ਵਖਰੇ ਰਖੇ ਹੁੰਦੇ ਹਨ, ਪਰ ਇਥੇ ਆਪ ਹੀ ਸਭ ਕੁਝ ਹੁੰਦਾ ਰਹਿੰਦਾ ਹੈ।

**ਮੈਂ**–ਮੇਰੀ ਸਮਝ ਵਿਚ ਤਾਂ ਇਉਂ ਆਇਆ ਹੈ ਕਿ ਗੁਰਮਤਿ ਦੁਆਰਾ ਅੰਮ੍ਰਿਤ ਛਕ ਕੇ ਕਮਾਈ ਕਰਾਂ ਤਾਂ ਅੰਮ੍ਰਿਤ ਰਸ ਮਿਲ ਸਕੇਗਾ। ਕਦੋਂ ਕੈਦੋਂ ਛੁਟਕਾਰਾ ਮਿਲੇ, ਕਦੋਂ ਅੰਮ੍ਰਿਤ ਛਕਾਂ ?

**ਭਾਈ ਸਾਹਿਬ**—ਅੰਮ੍ਰਿਤ ਰਸ ਕੋਈ ਅਜਿਹੀ ਸਥੂਲ ਵਸਤੂ ਨਹੀਂ ਕਿ ਮੈਂ ਖੀਸੇ ਵਿਚੋਂ ਕੱਢ ਕੇ ਤੇਰੇ ਮੂੰਹ ਵਿਚ ਪਾ ਦੇਵਾਂ। ਜਿੰਨਾ ਚਿਰ ਤੂੰ ਜੇਲ੍ਹ ਵਿਚ-ਕੈਦੀ ਹੈਂ, ਨਾਮ ਜਪ, ਗੁਰਬਾਣੀ ਪੜ੍ਹ, ਗੁਰੂ ਅਗੇ ਜੋਦੜੀਆਂ ਕਰ ਕਿ ਮੈਨੂੰ ਅੰਮ੍ਰਿਤ-ਰਸ ਮਿਲੇ। ਹੋ ਸਕਦਾ ਹੈ ਕਿ ਗੁਰੂ ਸਾਹਿਬ ਕਿਰਪਾ ਕਰ ਦੇਣ, ਕਿਉਂਕਿ ਉਨ੍ਹਾਂ ਦਾ ਹੁਕਮ ਹੈ :–

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥ (੮।੪)

ਨਟ ਮ: ੪, ਪੰਨਾ ੯੮੨

ਸਤਿਗੁਰੁ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥ (੮॥੩)

ਕਾਨੜਾ ਮ: ੪, ਪੰਨਾ ੧੩੧੦

ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ ਪਾਵੈ ਮਨਮੁਖ ਭਰਮਈਆ ॥
ਗੁਰੁ ਗੁਰੁ ਕਰਤ ਸਰਣਿ ਜੇ ਆਵੈ ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ ॥੫॥(੮॥੬॥੯)

ਬਿਲਾਵਲੁ ਮ: ੪, ਪੰਨਾ ੮੩੬-੩੭

ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰ ਮੀਠੇ ਬਚਨ ਕਢਾਵੈਗੋ ॥



www.AKJ.Org

ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ॥੨॥

ਕਾਨੜਾ ਅਸਟ: ਮ: ੪, ਪੰਨਾ ੧੩੦੮

ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥
ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥੩॥

ਕਾਨੜਾ ਅਸਟ: ਮ: ੪, ਪੰਨਾ ੧੩੦੮

ਏਹਨਾਂ ਉਪਰੋਕਤ ਗੁਰਵਾਕਾਂ ਦਾ ਭਾਵ, ਜੋ ਕਿ ਤੂੰ ਰੋਜ਼ ਪੜ੍ਹਦਾ ਹੈਂ, ਤੈਂ ਸਮਝ ਹੀ ਲਿਆ ਹੋਵੇਗਾ।

## ਨਾਮ ਦੀ ਦ੍ਰਿੜ੍ਹਤਾ ਤੇ ਲਾਗ–

**ਭਾਈ ਸਾਹਿਬ**–ਪਰ ਇਕ ਗੱਲ ਯਾਦ ਰਖੀਂ ਕਿ ਭਾਵੇਂ ਤੈਨੂੰ ਅੰਮ੍ਰਿਤ ਰਸ ਆ ਹੀ ਜਾਵੇ, ਬਾਹਰ ਜਾ ਕੇ ਅੰਮ੍ਰਿਤ ਜ਼ਰੂਰ ਛਕੀਂ। ਕਿਉਂਕਿ ਨਾਮ ਦ੍ਰਿੜ੍ਹ ਕਰਾਏ ਬਿਨਾਂ ਸਵਾਸ ਸਵਾਸ ਨਾਮ ਨਹੀਂ ਜਪ ਸਕੇਂਗਾ, ਜੋ ਕਿ ਜਪਣਾ ਅਤਿ ਜ਼ਰੂਰੀ ਹੈ। ਕਿਉਂਕਿ ਹੁਕਮ ਹੈ—

ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਾਰੇ ॥
ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥੭॥ (੮॥੧)

ਨਟ ਅਸਟ: ਮ: ੪, ਪੰਨਾ ੯੮੧

ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹ ਸਾਸਨਿ ਨਾਮੁ ਧਿਆਵੈਗੋ ॥
ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥

ਕਾਨੜਾ ਮ: ੪, ਪੰਨਾ ੧੩੧੦

ਗੁਰਮਤਿ ਨਾਮ, ਗੁਰ ਸ਼ਬਦ, ਗੁਰੁ ਦੀਖਿਆ, ਗੁਰ ਮੰਤਰ ਆਦਿਕ ਸਭ ਸ਼ਬਦ ਗੁਰਮਤਿ ਨਾਮ ਦੇ ਹੀ ਵਾਚਕ ਹਨ। ਸਾਥ ਹੀ ਇਹ ਵੀ ਹੁਕਮ ਹੈ—

ਗਾਇ ਸੁਨੈ ਆਂਖੇ ਮੀਚੈ ਪਾਈਐ ਨ ਪਰਮ ਪਦੁ ਗੁਰ ਉਪਦੇਸ ਗਹਿ ਜੌ ਲੌ ਨ ਕਮਾਈਐ॥(੪੩੯)

ਕਬਿਤ ਭਾਈ ਗੁਰਦਾਸ ਜੀ

ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ ॥੧੭॥ ਮਾਝ ਵਾਰ ਮ: ੧, ਪੰਨਾ ੧੪੬

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥

ਸਾਰੰਗ ਕੀ ਵਾਰ, ਸਲੋਕ ਮ: ੨, ਪੰਨਾ ੧੨੩੭

ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰਥੁ ਪਰਗਟੁ ਨ ਹੋਇ ॥
ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ ॥੧॥(੩੨)

ਸਾਰੰਗ ਕੀ ਵਾਰ, ਸਲੋਕ ਮ: ੩, ਪੰਨਾ ੧੨੪੮

ਸਤਿਗੁਰੁ ਮਿਲੈ ਤ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ...੨॥(੯)

ਰਾਮਕਲੀ ਕੀ ਵਾਰ, ਮ: ੩, ਪੰਨਾ ੯੫੦

ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ ਜੇ ਸਉ ਲੋਚੈ ਕੋਈ ॥੩੨॥

ਸਲੋਕ ਵਾਰਾਂ ਤੇ ਵਧੀਕ, ਮ: ੩, ਪੰਨਾ ੧੪੧੬

ਉਪਰ ਦਸੇ ਗੁਰਵਾਕਾਂ ਤੋਂ ਪਤਾ ਚਲਦਾ ਹੈ ਕਿ ਅੰਮ੍ਰਿਤ-ਨਾਮ-ਦੀਖਿਆ, ਗਿਆਨ ਇਕੋ ਹੱਟ ਤੋਂ ਮਿਲਦਾ ਹੈ ਅਤੇ ਓਹ ਵੀ ਗੁਰੂ ਦੁਆਰਾ, ਗੁਰੂ ਦੀ ਹੱਟੀ ਤੋਂ। (ਚਲਦਾ)

[ਅੰਮ੍ਰਿਤ ਕੀ ਹੈ, ਟਰੈਕਟ ਵਿਚੋਂ



www.AKJ.Org

# ਸੱਚੇ ਗੁਰਦੇਵ
# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

[ ਨੰਬਰ ੨ ]

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਪਾਵਨ ਬੀੜ ਸੰਨ ੧੬੦੪ ਈ: ਵਿਚ ਬੱਧੀ ਗਈ। ਪਾਵਨ ਬੀੜ ਵਿਚ ਅੰਕਿਤ ਬਾਣੀ ਦਾ ਆਵੇਸ਼ ਸਮੇਂ ਸਮੇਂ ਸਤਿਗੁਰਾਂ, ਆਤਮ-ਦਰਸੀ ਭਗਤਾਂ, ਭੱਟਾਂ ਅਥਵਾ ਸਤਿਪੁਰਸ਼ਾਂ ਦੀ ਨਿਰਮਲ ਆਤਮਾ ਵਿਚ ਹੋਇਆ।

ਗੁਰਬਾਣੀ 'ਅਨੁਭਵ ਪ੍ਰਕਾਸ਼' ਹੈ। ਇਹ ਜੀਵਾਤਮਾ ਤੇ ਪਰਮਾਤਮਾ ਦੇ ਮਿਲਾਪ ਦਾ ਅਗੰਮੀ ਨਾਦ ਹੈ। ਗੁਰਬਾਣੀ ਵਿਚ ਪ੍ਰਮੁਖ ਤੌਰ ਤੇ ਅਕਾਲ ਪੁਰਖ, ਗੁਰੂ, ਨਾਮ ਅਤੇ ਨਾਮ ਜਪਣ ਵਾਲਿਆਂ ਦੀ ਉਸਤਤੀ ਮਿਲਦੀ ਹੈ। ਉਂਜ ਗੁਰਬਾਣੀ ਵਿਚੋਂ ਮਨੁਖੀ ਜੀਵਨ ਦੇ ਹਰੇਕ ਪਹਿਲੂ ਬਾਰੇ ਅਗਵਾਈ ਮਿਲਦੀ ਹੈ।

ਸਤਿਗੁਰਾਂ ਨੇ ਆਪਣੀ ਬਾਣੀ ਨਾਲ ਭਾਰਤ ਦੇ ਵਖ ਵਖ ਪਰਾਂਤਾਂ ਦੇ ਸੰਤਾਂ, ਭਗਤਾਂ ਤੇ ਸੂਫ਼ੀ ਫ਼ਕੀਰਾਂ ਦੀ ਬਾਣੀ ਨੂੰ ਵੀ ਥਾਂ ਦਿਤੀ, ਜਿਨ੍ਹਾਂ ਵਿਚੋਂ ਕਈਆਂ ਦਾ ਸੰਬੰਧ ਸਮਾਜ ਦੀਆਂ ਅਖੌਤੀ ਨੀਵੀਆਂ ਜਾਤੀਆਂ ਨਾਲ ਸੀ। ਬਾਣੀ ਦੀ ਚੋਣ ਵਿਚ **'ਅਨੁਭਵੀ ਰਚਨਾ'** ਨੂੰ ਕਸਵੱਟੀ ਰਖਿਆ ਗਿਆ। ਗੁਰਬਾਣੀ ਦਾ ਸੰਦੇਸ਼ ਮਨੁਖ ਮਾਤਰ ਲਈ ਬਿਨਾਂ ਕਿਸੇ ਜਾਤਿ, ਨਸਲ, ਰੰਗ, ਧਰਮ ਦੇ ਵਿਤਕਰੇ ਦੇ ਕਲਿਆਣਕਾਰੀ ਹੈ। ਇਸ ਤਰ੍ਹਾਂ ਗੁਰਬਾਣੀ ਵਿਸ਼ਵ ਸੰਸਾਰ ਦਾ ਸਰਬ-ਸਾਂਝਾ ਰੱਬੀ-ਵਿਰਸਾ ਹੈ।

ਗੁਰਬਾਣੀ ਨੂੰ ਗੁਰੂ (ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ* ਅਤੇ ਅਕਾਲ ਪੁਰਖ (ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ†) ਦਾ ਦਰਜਾ ਪ੍ਰਾਪਤ ਹੈ। ਗੁਰਬਾਣੀ ਸੱਚ-ਖੰਡੀ ਅੰਮ੍ਰਿਤ ਭੋਜਨ ਹੈ, ਜਿਸ ਨੂੰ ਛੁਕ ਕੇ ਮਨੁਖੀ ਮਨ ਤ੍ਰਿਪਤ ਹੋ ਜਾਂਦਾ ਹੈ; ਤੇ ਫਿਰ ਭੁਖ ਲਗਦੀ ਹੀ ਨਹੀਂ। ਗੁਰਬਾਣੀ ਰੱਬੀ-ਗਿਆਨ ਹੈ, ਜੋ ਕਰਤੇ ਪੁਰਖ ਨਾਲ ਮਿਲਾਪ ਸੰਬੰਧੀ ਜਗਿਆਸੂਆਂ ਦੀ ਅਗਵਾਈ ਕਰਦੀ ਆਈ ਹੈ, ਕਰ ਰਹੀ ਹੈ ਅਤੇ ਜਿਸ ਨੇ ਜੁਗੋ ਜੁਗ ਅਗਵਾਈ ਕਰਦੇ ਰਹਿਣਾ ਹੈ। ਸੰਸਾਰ ਦੇ ਮਾਇਕੀ ਤਮ-ਅਨ੍ਹੇਰੇ ਵਿਚ ਗੁਰਬਾਣੀ ਚਾਨਣ-ਮੁਨਾਰਾ ਹੈ, ਜਿਸ ਤੋਂ ਸੇਧ ਲੈ ਕੇ ਲੋਕ ਪਰਲੋਕ ਸੰਵਰਦੇ ਹਨ। ਗੁਰਬਾਣੀ ਦੇ ਪੁੰਜ ਇਸ ਪਾਵਨ ਗ੍ਰੰਥ ਨੂੰ ਏਸੇ ਲਈ ਕੇਵਲ 'ਗੁਰੂ ਗ੍ਰੰਥ' ਹੀ ਨਹੀਂ, ਸਗੋਂ ਪੋਥੀ ਪਰਮੇਸਰ ਕਾ ਥਾਨੁ ॥‡ ਦੀ ਪਦਵੀ ਪ੍ਰਾਪਤ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਸਤਿਗੁਰਾਂ ਦੀ ਬਾਣੀ, ਆਪਣੀ ਬਾਣੀ ਅਤੇ ਹੋਰ ਆਤਮ-ਦਰਸੀ ਭਗਤਾਂ, ਭੱਟਾਂ ਦੀ ਬਾਣੀ ਨੂੰ ਇਕ ਥਾਵੇਂ ਸੰਚਤ ਕਰ ਕੇ ਸਮੱਗਰ ਬਾਣੀ ਦੀ ਪਹਿਲੀ ਬੀੜ ਸੰਨ ੧੬੦੪ ਈਸਵੀ ਵਿਚ ਬੱਧੀ। ਇਹ ਕਾਰਜ ਸ੍ਰੀ ਅੰਮ੍ਰਿਤਸਰ ਵਿਚ ਸ੍ਰੀ ਰਾਮਸਰ ਦੇ ਨਿਵੇਕਲੇ ਅਸਥਾਨ ਤੇ ਅਰੰਭ ਕੀਤਾ ਗਿਆ। ਉਸ ਸਮੇਂ ਦੇ ਪ੍ਰਸਿੱਧ ਵਿਦਵਾਨ ਅਤੇ ਸਿਦਕੀ-ਸਿਖ ਭਾਈ ਸਾਹਿਬ, ਭਾਈ ਗੁਰਦਾਸ ਜੀ ਨੂੰ ਲਿਖਾਰੀ ਦਾ ਸੇਵਾ ਸੌਂਪੀ ਗਈ। ਸੰਮਤ ੧੬੬੧ ਬਿਕਰਮੀ (੧੬੦੪ ਈ:) ਵਿਚ ਇਹ ਕਾਰਜ ਸੰਪੂਰਨ ਹੋਇਆ, ਅਤੇ ਭਾਦੋਂ ਸੁਦੀ ੧ ਨੂੰ ਪੋਥੀ ਸਾਹਿਬ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ। ਬ੍ਰਹਮ ਗਿਆਨੀ ਸ੍ਰੀ ਬਾਬਾ ਬੁਢਾ

* ਨਟ ਮ: ੪, ਅੰਕ ੫, ਪੰਨਾ ੯੮੨ † ਸਲੋਕ ਮ: ੩, ਪੰਨਾ ੫੧੫ ‡ ਸਾਰਗ ਮ: ੫, ਪੰਨਾ ੧੨੨੬



www.AKJ.Org

ਸਾਹਿਬ ਜੀ ਨੂੰ ਗ੍ਰੰਥੀ ਦੀ ਸੇਵਾ ਸੌਂਪੀ ਗਈ।

ਇਤਿਹਾਸ ਦਸਦਾ ਹੈ ਕਿ ਹਰ ਰੋਜ਼ ਸੁਖਾਸਨ ਕਰਨ ਤੋਂ ਮਗਰੋਂ ਪੋਥੀ ਸਾਹਿਬ ਨੂੰ ਪਲੰਘ ਉਤੇ ਬਿਰਾਜਮਾਨ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਭੂਮ-ਆਸਣ ਬਿਰਾਜਿਆ ਕਰਦੇ ਸਨ। ਇਸ ਇਤਿਹਾਸਕ ਤੱਥ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਆਪ ਜੀ ਦਾ ਇਹ ਪੂਰਨਾ ਸਿਖ ਸੰਗਤਾਂ ਪ੍ਰਤੀ ਗੁਰ-ਸ਼ਬਦ ਦੀ ਪ੍ਰਧਾਨਤਾ ਦ੍ਰਿੜ੍ਹ ਕਰਾਉਣ ਹਿਤ ਸੀ।

ਭਾਈ ਗੁਰਦਾਸ ਜੀ ਦੁਆਰਾ ਲਿਖਤ ਬੀੜ ਇਸ ਸਮੇਂ ਸ੍ਰੀ ਕਰਤਾਰਪੁਰ ਵਿਖੇ ਸੋਢੀ ਸਾਹਿਬਾਨ ਕੋਲ ਮੰਨੀ ਜਾਂਦੀ ਹੈ। ਪਰ ਇਹ ਮਨੌਤ ਵਧੇਰੇ ਘੋਖ ਦੀ ਮੁਥਾਜ ਹੈ।

ਪੋਥੀ ਸਾਹਿਬ ਦਾ ਪਹਿਲਾ ਉਤਾਰਾ ਮਾਂਗਟ ਨਿਵਾਸੀ ਗੁਰਸਿਖ ਭਾਈ ਸਾਹਿਬ ਭਾਈ ਬੰਨੋ ਜੀ ਨੇ ਕਰਵਾਇਆ। ਇਸ ਉਤਾਰੇ ਵਿਚ ਕੁਝ ਵਾਧੂ ਰਚਨਾ ਪਤਾ ਨਹੀਂ ਕਿਥੋਂ ਤੇ ਕਿਵੇਂ ਸ਼ਾਮਲ ਕੀਤੀ ਗਈ। ਇਤਿਹਾਸ ਵਿਚ ਇਹ ਉਤਾਰਾ ਖਾਰੀ ਬੀੜ ਦੇ ਨਾਮ ਨਾਲ ਪ੍ਰਸਿੱਧ ਹੈ। ਇਹ ਸ਼ਾਇਦ ਇਸ ਲਈ ਕਿ ਜ਼ਿਲਾ ਗੁਜਰਾਤ (ਪਾਕਿਸਤਾਨ) ਦੇ ਮਾਂਗਟ ਪਿੰਡ ਦੇ ਇਲਾਕੇ ਨੂੰ ਖਾਰ ਦਾ ਇਲਾਕਾ ਕਿਹਾ ਜਾਂਦਾ ਸੀ। ਇਸ ਪਾਵਨ ਬੀੜ ਨੂੰ ਭਾਈ ਬੰਨੋ ਜੀ ਦੀ ਸੰਤਾਨ ਪਾਕਿਸਤਾਨ ਬਣਨ ਮਗਰੋਂ ਭਾਰਤ ਵਿਚ ਲੈ ਆਏ ਅਤੇ ਇਸ ਸਮੇਂ ਇਹ ਕਾਨਪੁਰ ਵਿਖੇ ਬੰਨੋਆਣੀ ਗੁਰਸਿਖਾਂ ਪਾਸ ਮੰਨੀ ਜਾਂਦੀ ਹੈ।

ਬੀੜ ਦੇ ਉਤਾਰਿਆਂ ਵਿਚੋਂ ਵਧੇਰੇ ਉਤਾਰੇ ਖਾਰੀ ਬੀੜ ਦੇ ਹੀ ਹਨ। ਵਖ ਵਖ ਉਤਾਰਿਆਂ ਵਿਚ "ਵਾਧੂ ਰਚਨਾਵਾਂ" ਕੁਝ ਕੁ ਵਾਧਿਆਂ ਘਾਟਿਆਂ ਨਾਲ ਮਿਲਦੀਆਂ ਹਨ, ਪਰ ਆਮ ਤੌਰ ਤੇ ਵਾਧੂ ਰਚਨਾਵਾਂ ਇਹ ਹਨ :—

(ੳ) ਗਉੜੀ ਰਾਗ ਵਿਚ—ਧਰ ਅੰਬਰ ਵਿਚਿ ਬੇਲੜੀ ਤੇ ਲਾਲ ਸੁਗੰਧਾ ਫੂਲ॥
ਅਖਰ ਓਹ ਲਿਖਿਓ ਨਹੀ ਰੋਜਾ ਕਰੇ ਕਬੂਲ॥

(ਅ) ਰਾਗ ਸੋਰਠਿ ਵਿਚ—ਅਉਧੂ ਸੋ ਜੋਗੀ ਗੁਰੁ ਮੇਰਾ॥
ਇਸ ਪਦ ਕਾ ਕਰੈ ਨਿਬੇਰਾ॥

(ੲ) ਰਾਗ ਰਾਮਕਲੀ ਵਿਚ—"ਰਣਝੁੰਝਨੜਾ ਗਾਉ ਸਖੀ..."
ਵਾਲੇ ਸ਼ਬਦ ਦੀਆਂ ਦੋ ਪੰਗਤੀਆਂ ਦੀ ਥਾਵੇਂ ਪੂਰੇ ਚਾਰ ਪਦੇ ਹਨ।

(ਸ) ਰਾਗੁ ਮਾਰੂ ਵਿਚ—ਮੀਰਾ ਬਾਈ ਦਾ ਸਾਰਾ ਸ਼ਬਦ—
"ਮਨੁ ਹਮਾਰੋ ਬਾਧਿਓ ਮਾਈ ਕਵਲ ਨੈਨ ਆਪਨੇ ਸੰਗਿ"

(ਹ) ਰਾਗ ਸਾਰਗ ਵਿਚ—ਸ੍ਰੀ ਸੂਰਦਾਸ ਜੀ ਦੀ ਤੁਕ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ"
ਨਾਲ ਰਲਵਾਂ ਪੰਜ ਹੋਰ ਤੁਕਾਂ ਦਾ ਪੂਰਾ ਸ਼ਬਦ ਅੰਕਿਤ ਹੈ।

ਅੰਤ ਵਿਚ ਮੁੰਦਾਵਣੀ ਤੋਂ ਮਗਰੋਂ—

੧) ਜਿਤੁ ਦਰਿ ਲਖ ਮੁਹੰਮਦਾ......
੨) ਬਾਇ ਆਤਸ ਆਬ ਖਾਕ......
੩) ਰਤਨ ਮਾਲਾ "ਆਸਨ ਸਾਧ ਨਿਰਾਲਮ ਰਹੈ"
੪) ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭਿ ਕੀ
੫) ਸਿਆਹੀ ਕੀ ਬਿਧਿ

ਨੋਟ—'ਰਾਗ ਮਾਲਾ' ਸੰਬੰਧੀ ਪੰਥ ਵਿਚ ਮਤ ਦਾ ਵਖੇਵਾਂ ਹੈ। ਇਸ ਸੰਬੰਧੀ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਪ੍ਰਕਾਸ਼ਤ ਸਿੱਖ ਰਹਿਤ ਮਰਯਾਦਾ ਟ੍ਰੈਕਟ ਦੇ ਪੰਨਾ ੨੦ (ਛਾਪ ੧੯੫੬) ਉਤੇ ਅੰਕਿਤ ਲਿਖਤ ਇਸ ਪ੍ਰਕਾਰ ਹੈ :-

"ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ, ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ (ਇਸ ਗੱਲ ਬਾਬਤ ਪੰਥ ਵਿਚ ਅਜੇ ਮਤ-ਭੇਦ ਹੈ, ਇਸ ਲਈ



www.AKJ.Org

ਰਾਗ-ਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)।

**ਲਿਖਤੀ ਬੀੜਾਂ ਦੀ ਸਾਰ ਸੰਭਾਲ–**

ਜਦੋਂ ਪਾਕਿਸਤਾਨ ਬਣਿਆ ਤਾਂ ਪੱਛਮੀ ਪੰਜਾਬ ਵਿਚੋਂ ਥਾਉਂ ਥਾਈਂ ਬਿਰਾਜਮਾਨ ਲਿਖਤੀ ਬੀੜਾਂ ਭਾਰਤ ਵਿਚ ਲਿਆਂਦੀਆਂ ਗਈਆਂ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਇਹ ਬੀੜਾਂ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਸੰਭਾਲੀਆਂ ਗਈਆਂ। ਕੋਈ ਪੰਜ ਕੁ ਸੌ ਬੀੜਾਂ ਸਿਖ ਰੈਫਰੈਂਸ ਲਾਇਬ੍ਰੇਰੀ ਵਿਚ ਬਿਰਾਜਮਾਨ ਕੀਤੀਆਂ ਗਈਆਂ ਤੇ ਉਹਨਾਂ ਦੇ ਮੋਟੇ ਮੋਟੇ ਵੇਰਵੇ ਵੀ ਰਖੇ ਗਏ। ਇਹਨਾ ਵਿਚ ਕਈ ਬੀੜਾਂ ਸੰਨ-ਸੰਮਤ ਸਮੇਤ, ਇਤਿਹਾਸਕ ਮਹੱਤਤਾ ਵਾਲੀਆਂ ਵੀ ਸਨ।

ਇਹਨਾਂ ਤੋਂ ਇਲਾਵਾ ੫੦੦ ਦੇ ਕਰੀਬ ਲਿਖਤੀ ਬੀੜਾਂ ਰੈਫਰੈਂਸ ਲਾਇਬ੍ਰੇਰੀ ਦੇ ਲਾਗਲੇ ਕਮਰੇ ਵਿਚ ਬਿਰਾਜਮਾਨ ਕੀਤੀਆਂ ਹੋਈਆਂ ਸਨ, ਜੋ ਲਾਇਬ੍ਰੇਰੀ ਦੇ ਬਾਕਾਇਦਾ ਰਿਕਾਰਡ ਉਪਰ ਚੜ੍ਹੀਆਂ ਹੋਈਆਂ ਨਹੀਂ ਸਨ। ਕੋਈ ੫੦੦ ਦੇ ਕਰੀਬ ਲਿਖਤੀ ਬੀੜਾਂ ਸ੍ਰੀ ਅਕਾਲ ਤਖ਼ਤ ਦੇ ਸਿਖਰਲੇ ਗੁੰਬਦ ਵਿਚ ਬਿਰਾਜਮਾਨ ਸਨ। ਬਦਕਿਸਮਤੀ ਨਾਲ ਇਹ ਸਾਰੀਆਂ ਲਿਖਤੀ ਬੀੜਾਂ ੫–੬ ਜੂਨ ੧੯੮੪ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਫੌਜੀ ਐਕਸ਼ਨ ਸਮੇਂ ਫੌਜ ਵਲੋਂ ਸਿਖ ਰੈਫਰੈਂਸ ਲਾਇਬ੍ਰੇਰੀ ਦੇ ਬਾਕੀ ਰਿਕਾਰਡ ਨਾਲ ਅਗਨ-ਭੇਟ ਕਰ ਦਿਤੀਆਂ ਗਈਆਂ। ਸਿਖ ਰੈਫਰੈਂਸ ਲਾਇਬ੍ਰੇਰੀ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਛਾਪੇ ਦੀਆਂ ਪੁਸਤਕਾਂ ਤੋਂ ਛੁਟ ੬੦੦ ਦੁਰਲਭ ਹੱਥ-ਲਿਖਤ ਪੁਸਤਕਾਂ ਵੀ ਸਨ, ਜੋ ਸਾੜ ਕੇ ਸੁਆਹ ਕਰ ਦਿਤੀਆਂ ਗਈਆਂ।

ਅਜੇ ਵੀ ਲਿਖਤੀ ਬੀੜਾਂ ਵਖ ਵਖ ਇਤਿਹਾਸਕ ਗੁਰਦੁਆਰਿਆਂ ਵਿਚ ਅਤੇ ਵਖ ਵਖ ਥਾਈਂ ਪ੍ਰਾਈਵੇਟ ਵਿਅਕਤੀਆਂ ਪਾਸ ਹਨ। ਲਿਖਤੀ ਬੀੜਾਂ ਦੀ ਕਦਰ ਕੀਮਤ ਅਤੇ ਮਹੱਤਤਾ ਦਾ ਅਹਿਸਾਸ ਹਰ ਕਿਸੇ ਨੂੰ ਨਹੀਂ, ਇਸ ਲਈ ਇਹਨਾਂ ਦੀ ਸਾਰ-ਸੰਭਾਲ ਅਤੇ ਸੁਰੱਖਿਆ ਵਲ ਲੋੜੀਂਦਾ ਧਿਆਨ ਨਹੀਂ ਦਿਤਾ ਜਾ ਰਿਹਾ।

**ਲੋੜ ਹੈ ਕਿ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਇਕ ਸਰਵੇ-ਟੀਮ ਬਣਾਈ ਜਾਵੇ, ਜੋ ਥਾਉਂ ਥਾਈਂ, ਜਿਥੇ ਜਿਥੇ ਲਿਖਤੀ ਬੀੜਾਂ ਦੇ ਹੋਣ ਦੀ ਸੂਹ ਮਿਲੇ, ਜਾ ਕੇ ਸਮੱਗਰ ਲਿਖਤੀ ਬੀੜਾਂ ਦੀ ਸੂਚੀ (Catala gue) ਅਤੇ ਉਹਨਾਂ ਬਾਰੇ ਮੋਟੇ ਮੋਟੇ ਵੇਰਵੇ ਇਕੱਤਰ ਕਰੇ। ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਇਹਨਾਂ ਬੀੜਾਂ ਦੀ ਸੁਰੱਖਿਅਤਾ ਅਤੇ ਸਾਰ ਸੰਭਾਲ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਅਗੇ ਹੀ ਫ਼ੌਜੀ ਘਲੂਘਾਰੇ ਵਿਚ ਕੌਮ ਲਿਖਤੀ ਬੀੜਾਂ ਦੇ ਇਕ ਵਡੇ ਭੰਡਾਰ ਤੋਂ ਵਿਰਵੀ ਹੋ ਗਈ ਹੈ।**

ਇਤਿਹਾਸਕ ਰਵਾਇਤ ਹੈ ਕਿ ਮਹਾਨ ਸ਼ਹੀਦ ਸ੍ਰੀ ਬਾਬਾ ਦੀਪ ਸਿੰਘ ਜੀ ਨੇ ਦਮਦਮੀ ਬੀੜ ਦੇ ਨਿਜੀ ਤੌਰ ਤੇ ਉਤਾਰੇ ਕਰ ਕੇ ਸਾਰੇ ਤਖ਼ਤ ਸਾਹਿਬਾਨ ਤੇ ਭੇਜੇ ਸਨ। ਕਿਸੇ ਵਿਅਕਤੀ ਜਾਂ ਸੰਸਥਾ ਨੇ ਸ਼ਾਇਦ ਅਮਲੀ ਤੌਰ ਤੇ ਇਹ ਤਸਦੀਕ ਕਰਨ ਦੀ ਖੇਚਲ ਨਹੀਂ ਕੀਤੀ ਕਿ ਇਹ ਉਤਾਰੇ ਮੂਲ ਰੂਪ ਵਿਚ ਤਖ਼ਤ ਸਾਹਿਬਾਨ ਤੇ ਸੁਰੱਖਿਅਤ ਹਨ ਕਿ ਨਹੀਂ। ਜ਼ਿਮੇਵਾਰ ਸਿਖ ਸੰਸਥਾਵਾਂ ਵਲੋਂ ਇਸ ਪਾਸੇ ਖ਼ਾਸ ਧਿਆਨ ਤੁਰੰਤ ਦਿਤੇ ਜਾਣ ਦੀ ਲੋੜ ਹੈ।

ਨੋਟ—ਇਥੇ ਇਹ ਵਰਨਣ ਕੀਤਾ ਜਾਣਾ ਉਚਿਤ ਹੋਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ ਨੇ ਸ਼੍ਰੋ: ਗੁ: ਪ੍ਰ: ਕਮੇਟੀ ਦੀ ਆਗਿਆ ਨਾਲ ਸ੍ਰੀ ਦਮਦਮਾ ਸਾਹਿਬ ਤੋਂ ਹਜ਼ੂਰੀ ਬੀੜ ਅੰਮ੍ਰਿਤਸਰ ਲਿਆ ਕੇ ਖੋਜ ਵਿਚ ਸੰਮਿਲਤ ਕੀਤੀ ਸੀ। ਬਦਕਿਸਮਤੀ ਨਾਲ ਏਥੇ ਤਖ਼ਤ ਸ੍ਰੀ ਅਕਾਲ ਤਖ਼ਤ ਦੀ ਹਜ਼ੂਰੀ (ਸੁਨਹਿਰੀ) ਬੀੜ ਖੋਜ ਵਿਚ ਸੰਮਿਲਤ ਕਰਨ ਲਈ ਨਾ ਦਿਤੀ ਗਈ। ਬਾਅਦ ਵਿਚ ਬਹੁਤ ਜ਼ੋਰ ਪਾਣ ਤੇ ਪ੍ਰਬੰਧਕਾਂ ਨੇ ਕੁਝ ਕੁ ਦਿਨਾਂ ਲਈ ਇਹ ਪਾਵਨ ਬੀੜ ਸ੍ਰੀ ਤਖ਼ਤ ਸਾਹਿਬ ਤੇ ਹੀ ਦਰਸ਼ਨ ਕਰਨ ਦੀ ਆਗਿਆ ਦਿਤੀ। ਸ੍ਰੀ ਬਾਬਾ ਦੀਪ ਸਿੰਘ ਜੀ ਦੀ ਲਿਖਤ ਮੰਨੀਆਂ ਜਾਂਦੀਆਂ ਇਹਨਾਂ ਦੋਹਾਂ ਬੀੜਾਂ ਦੇ ਮੰਗਲਾਂ, ਅੰਕਾਂ, ਸਿਰਲੇਖਾਂ ਦਾ ਮੇਲਾਨ ਕਰਦਿਆਂ ਇਹ ਦੇਖਿਆ ਗਿਆ ਕਿ ਦੋਹਾਂ ਬੀੜਾਂ ਦੇ ਮੰਗਲਾਂ, ਅੰਕਾਂ ਅਤੇ ਸਿਰਲੇਖਾਂ ਵਿਚ ਪਰਸਪਰ ਕੁਝ ਅੰਤਰ ਹਨ। ਲਿਖਣ-ਸ਼ੈਲੀ ਵੀ ਵਿਭਿੰਨ ਹੈ। ਇਹ ਤਥ ਸ਼੍ਰੋ: ਗੁ: ਪ੍ਰ: ਕਮੇਟੀ ਦੀ ਗਿਆਤ ਵਿਚ ਬਾਕਾਇਦਾ ਲਿਆਂਦਾ ਗਿਆ, ਪਰ ਏਧਰ ਕੋਈ ਧਿਆਨ ਨਾ ਦਿਤਾ ਗਿਆ।



www.AKJ.Org

**ਬੀੜ ਦੀਆਂ ਸਾਖਾਂ—**

ਲਿਖਤੀ ਬੀੜਾਂ ਵਿਚ ਅੰਕਤ ਬਾਣੀ ਅਤੇ ਉਸ ਦੀ ਦਰਜ ਕੀਤੇ ਜਾਣ ਦੀ ਤਰਤੀਬ ਆਦਿ ਦੇ ਅਧਾਰ ਤੇ ਇਹਨਾਂ ਦੀਆਂ ਹੇਠ ਲਿਖੀਆਂ ਪ੍ਰਮੁਖ ਸ਼੍ਰੇਣੀਆਂ (ਸ਼ਾਖਾਂ) ਮੰਨੀਆਂ ਗਈਆਂ ਹਨ :–

(੧) ਸ੍ਰੀ ਕਰਤਾਰਪੁਰ ਵਾਲੀ (ਭਾ: ਗੁਰਦਾਸ ਜੀ ਲਿਖਤ) ਬੀੜ ਦੇ ਉਤਾਰੇ।

(੨) ਖਰੀ ਬੀੜ ਦੇ ਉਤਾਰੇ, ਜਿਸ ਦਾ ਉਤਾਰਾ ਭਾ: ਬੰਨੋ ਜੀ ਨੇ ਕਰਵਾਇਆ ਸੀ।

(੩) ਦਮਦਮੀ ਬੀੜ ਦੇ ਉਤਾਰੇ, ਜੋ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਜ਼ਿਲਾ ਬਠਿੰਡਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਸੰਮਤ ੧੭੬੨-੬੩ ਵਿਚ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੁਆਰਾ ਲਿਖਵਾਈ ਗਈ ਅਤੇ ਜਿਸ ਵਿਚ ਮ: ੯ ਦੀ ਬਾਣੀ ਵੀ ਸ਼ਾਮਲ ਕੀਤੀ ਗਈ।

ਨੋਟ–ਕੁਝ ਅਜਿਹੀਆਂ ਹੱਥ-ਲਿਖਤੀ ਬੀੜਾਂ ਵੀ ਉਪਲਭਦ ਹਨ, ਜਿਨ੍ਹਾਂ ਵਿਚ ਬਾਣੀ ਦਰਜ ਕੀਤੇ ਜਾਣ ਦੀ ਤਰਤੀਬ ਉਪ੍ਰੋਕਤ ਤਿੰਨਾਂ ਸ਼ਾਖਾਂ ਦੀਆਂ ਬੀੜਾਂ ਨਾਲੋਂ ਵੱਖਰੀ ਹੈ। ਕੁਝ ਬੀੜਾਂ ਵਿਚ ਅੰਤਲੀ ਬਾਣੀ ਸ਼ੇਖ ਫਰੀਦ ਜੀ ਦੇ ਸਲੋਕ ਹਨ ਅਤੇ ਕਈਆਂ ਦੇ ਅੰਤ ਵਿਚ ਭੱਟਾਂ ਦੇ ਸਵੱਈਏ ਹਨ।

ਕਈ ਲਿਖਤੀ ਬੀੜਾਂ ਵਿਚ ਉਹਨਾਂ ਦਾ ਲਿਖਣ-ਸੰਮਤ ਵੀ ਦਿਤਾ ਹੋਇਆ ਹੈ, ਪਰ ਬੀੜਾਂ ਦੇ ਸੰਮਤਾਂ ਵਿਚ ਭੰਨ-ਤੋੜ ਬਹੁਤ ਕੀਤੀ ਹੋਈ ਮਿਲਦੀ ਹੈ। ਕਈ ਲਿਖਾਰੀਆਂ ਨੇ ਬੀੜ ਦਾ ਉਤਾਰਾ ਕਰਨ ਲਗਿਆਂ ਸਭ ਕਾਸੇ ਦਾ (ਸੰਨ ਸੰਮਤ ਸਮੇਤ) ਉਤਾਰਾ ਹੂ-ਬ-ਹੂ ਕੀਤਾ ਹੋਇਆ ਹੈ। ਇਸ ਲਈ ਕਿਸੇ ਬੀੜ ਦੇ ਲਿਖੇ ਜਾਣ ਦਾ ਸਮਾਂ ਨਿਸ਼ਚਿਤ ਕਰਨ ਵਿਚ ਇਹ ਮੁਸ਼ਕਲ ਸਾਹਮਣੇ ਆਉਂਦੀ ਹੈ।

ਕੁਝ ਬੀੜਾਂ ਦੇ ਉਤਾਰੇ ਅਨਿੰਨ ਸ਼ਰਧਾਲੂਆਂ ਵਲੋਂ ਕੀਤੇ ਗਏ, ਪਰ ਵਧੇਰੇ ਉਤਾਰੇ ਕਿਰਤੀ ਲਿਖਾਰੀਆਂ ਦੁਆਰਾ ਹੋਏ ਮਿਲਦੇ ਹਨ। ਹੜਤਾਲਾਂ ਫੇਰ ਫੇਰ ਕੇ ਕੀਤੀਆਂ ਸੁਧਾਈਆਂ ਦੇ ਬਾਵਜੂਦ ਲਿਖਤੀ ਬੀੜਾਂ ਵਿਚ ਪਰਸਪਰ ਅਨੇਕਾਂ ਸ਼ਾਬਦਿਕ ਅਤੇ ਲਗਮਾਤ੍ਰੀ ਭੇਦ ਵੇਖਣ ਵਿਚ ਆਉਂਦੇ ਹਨ।

**ਬੀੜਾਂ ਦੀ ਛਪਾਈ–**

ਜਦੋਂ ਛਾਪਾ ਹੋਂਦ ਵਿਚ ਆਇਆ ਤਾਂ ਬੀੜਾਂ ਦੀ ਛਪਾਈ ਦਾ ਕੰਮ ਪ੍ਰਾਈਵੇਟ ਪ੍ਰਕਾਸ਼ਕਾਂ ਦੁਆਰਾ ਅਰੰਭ ਹੋਇਆ; ਪਹਿਲਾਂ ਪੱਥਰ ਦੇ ਛਾਪੇ ਰਾਹੀਂ ਅਤੇ ਫਿਰ ਟਾਈਪ ਦੇ ਛਾਪੇ ਰਾਹੀਂ। ਵਪਾਰੀ-ਪ੍ਰਕਾਸ਼ਕਾਂ ਵਲੋਂ ਬੀੜ ਦੀ ਪ੍ਰਕਾਸ਼ਨਾ ਅਰੰਭ ਕਰਨ ਤੋਂ ਪਹਿਲਾਂ ਕਿਸੇ ਪ੍ਰਮੁਖ ਸਿਖ ਸੰਸਥਾ ਦੀ ਆਗਿਆ ਲਏ ਜਾਣ ਦਾ ਕੋਈ ਪ੍ਰਮਾਣ ਨਹੀਂ ਮਿਲਦਾ। ਨਾ ਹੀ ਇਹ ਪ੍ਰਮਾਣ ਮਿਲਦਾ ਹੈ ਕਿ ਕਿਸੇ ਵਪਾਰੀ-ਪ੍ਰਕਾਸ਼ਕ ਨੇ ਕਿਸੇ ਪ੍ਰਮਾਣੀਕ ਅਤੇ ਲਗਾਮਾਤ੍ਰੀ ਤੌਰ ਤੇ ਸ਼ੁਧ ਲਿਖਤ ਵਾਲੀ ਬੀੜ ਦੀ ਖੋਜ ਪੜਤਾਲ ਕਰਵਾ ਕੇ ਪ੍ਰਕਾਸ਼ਨਾ ਲਈ ਚੋਣ ਕੀਤੀ ਹੋਵੇ। ਵਪਾਰੀ-ਪ੍ਰਕਾਸ਼ਕਾਂ ਨੇ ਵਪਾਰਕ ਦ੍ਰਿਸ਼ਟੀਕੋਣ ਤੋਂ ਬੀੜਾਂ ਦੀ ਛਪਾਈ ਦਾ ਕੰਮ ਅਰੰਭ ਕੀਤਾ। ਕਿਉਂਕਿ ਇਸ ਵਿਚ ਮੁਨਾਫ਼ਾ ਬਥੇਰਾ ਸੀ, ਇਸ ਲਈ ਵਧੇਰੇ ਪ੍ਰਕਾਸ਼ਕਾਂ ਨੇ ਇਹ ਕੰਮ ਸ਼ੁਰੂ ਕਰ ਦਿਤਾ। ਬੀੜਾਂ ਦੀ ਸ਼ੁਧ ਛਪਾਈ ਵਲ ਯੋਗ ਧਿਆਨ ਨਾ ਦਿਤੇ ਜਾਣ ਦੇ ਫਲ-ਸਰੂਪ ਛਪਾਈ ਦੀਆਂ ਉਕਾਈਆਂ ਹਰ ਨਵੀਂ ਛਾਪ ਮਗਰੋਂ ਵਧਦੀਆਂ ਗਈਆਂ। ਕਈ ਪ੍ਰਕਾਸ਼ਕਾਂ ਵਲੋਂ ਬੀੜ ਛਪ ਜਾਣ ਮਗਰੋਂ, ਉਸ ਵਿਚ ਅੰਕਤ ਗਲਤੀਆਂ ਦੀ ਸੁਧਾਈ ਲਈ ਕੁਝ ਪਤਰਿਆਂ ਦਾ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਾ ਗਲਤੀ-ਨਾਮਾ" ਛਾਪਿਆ ਵੇਖਣ ਵਿਚ ਆਇਆ ਹੈ।

ਸ਼੍ਰੋ: ਗੁ: ਪ੍ਰ: ਕਮੇਟੀ ਨੇ ਬੀੜਾਂ ਦੀ ਛਪਾਈ ਵਲ ਕੁਝ ਧਿਆਨ ਦਿਤਾ। ਸ੍ਰੀ ਕਰਤਾਰਪੁਰ ਸਾਹਿਬ ਵਾਲੀ ਲਿਖਤੀ ਬੀੜ ਦੇ ਆਧਾਰ ਤੇ ਕੁਝ ਸ਼ਬਦਾਂ (Words) ਦੀ ਸੋਧ ਕਰ ਕੇ ਬੀੜ ਦੀ ਛਪਾਈ ਕਰਵਾਈ। ਫਿਰ ਹਰੇਕ ਪੰਨੇ ਦੇ ਫੋਟੋ ਬਲਾਕ ਬਣਵਾਏ ਤਾਂ ਜੁ ਪਰੂਫ-ਰੀਡਿੰਗ ਦੀ ਅਣਗਹਿਲੀ ਕਾਰਨ ਅਤੇ ਛਪਾਈ ਵਿਚ ਟਾਈਪ ਦੀ ਟੁਟ-ਭਜ ਕਾਰਨ ਜੋ ਉਕਾਈਆਂ ਰਹਿ ਜਾਂਦੀਆਂ ਸਨ, ਉਹਨਾਂ ਦੀ ਸੰਭਾਵਨਾ ਹੀ ਨਾ ਰਵ੍ਹੇ। ਪਿਛਲੇ ਕੁਝ ਚਿਰ ਤੋਂ ਬੀੜਾਂ ਦੀ ਛਪਾਈ ਆਫ਼-ਸੈਟ ਪਲੇਟਾਂ ਰਾਹੀਂ ਕਰਵਾਈ ਜਾ ਰਹੀ ਹੈ।

ਸ਼੍ਰੋ: ਗੁ: ਪ੍ਰ: ਕਮੇਟੀ ਰਾਹੀਂ ਪ੍ਰਕਾਸ਼ਤ ਕੀਤੀਆਂ ਜਾ ਰਹੀਆਂ ਬੀੜਾਂ/ਸੈਂਚੀਆਂ ਅਤੇ ਵਪਾਰੀ-ਪ੍ਰਕਾਸ਼ਕਾਂ



www.AKJ.Org

ਦੁਆਰਾ ਪ੍ਰਕਾਸ਼ਤ ਕੀਤੀਆਂ ਜਾ ਰਹੀਆਂ ਬੀੜਾਂ/ਸੈਂਚੀਆਂ ਵਿਚ ਅਖਰਾਂ ਅਤੇ ਲਗਾ ਮਾਤ੍ਰਾਂ ਦੇ ਹਜ਼ਾਰਾਂ ਦੀ ਗਿਣਤੀ ਵਿਚ ਫ਼ਰਕ ਦੇਖਣ ਵਿਚ ਆ ਰਹੇ ਹਨ। ਇਹ ਸਥਿਤੀ ਚਿੰਤਾ-ਜਨਕ ਹੈ ਅਤੇ ਸਿਖ ਸੰਗਤਾਂ ਦੀ ਇਹ ਜ਼ੋਰਦਾਰ ਮੰਗ ਹੈ ਕਿ ਇਸ ਪਾਸੇ ਜ਼ਿਮੇਵਾਰ ਸਿਖ ਸੰਸਥਾਵਾਂ ਵਲੋਂ ਵਿਸ਼ੇਸ਼ ਧਿਆਨ ਦਿਤਾ ਜਾਵੇ। ਅਜਿਹੀ ਸਥਿਤੀ ਨੂੰ ਮੁਖ ਰਖ ਕੇ ਹੀ ਅਜ ਤੋਂ ੫੫ ਵਰ੍ਹੇ ਪਹਿਲਾਂ ਪੰਥ ਦੇ ਪ੍ਰਸਿਧ ਵਿਦਵਾਨ ਭਾ: ਜੋਧ ਸਿੰਘ ਜੀ ਨੇ "ਗੁਰਮਤਿ ਨਿਰਣਯ" ਪੁਸਤਕ ਦੀ ਉਥਾਨਕਾ ਵਿਚ ਆਪਣੇ ਵਲੋਂ ਹੇਠ ਲਿਖਿਆ ਨੋਟ ਦੇ ਕੇ ਜ਼ਿਮੇਵਾਰ ਸਿਖ ਸੰਸਥਾਵਾਂ ਦਾ ਧਿਆਨ ਇਸ ਪਾਸੇ ਦਿਵਾਉਣ ਦਾ ਜਤਨ ਕੀਤਾ ਸੀ :—

"ਵਾਹ ਲਗਦੀ ਗੁਰਬਾਣੀ ਨੂੰ ਸ਼ੁਧ ਛਾਪਣ ਦਾ ਯਤਨ ਕੀਤਾ ਗਇਆ ਹੈ। ਅਤੇ ਇਸ ਵਿਚ ਬਹੁਤ ਸਾਰੀ ਸਹਾਇਤਾ ਮੈਨੂੰ ਆਪਣੇ ਨੌਜਵਾਨ ਮਿਤਰ ਭਾਈ ਸਾਹਿਬ ਸਿੰਘ ਜੀ ਲੈਕਚਰਾਰ ਪੰਜਾਬੀ ਅਤੇ ਧਰਮ ਵਿਦਿਆ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਪਾਸੋਂ ਪ੍ਰਾਪਤ ਹੋਈ ਹੈ। ਪਰ ਇਸ ਸੋਧ ਵਿਚ ਇਕ ਖ਼ਤਰਾ ਜੋ ਮੈਨੂੰ ਪ੍ਰਤੀਤ ਹੋਇਆ ਹੈ, ਉਹ ਵੀ ਪੰਥ ਦੇ ਮੁਖੀ ਜਥਿਆਂ ਦਾ ਖ਼ਿਆਲ ਦਿਵਾਏ ਬਿਨਾਂ ਮੈਂ ਨਹੀਂ ਰਹਿ ਸਕਦਾ। ਸਸਤਾ ਵੇਚਣ ਦੀ ਦੌੜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਲਗ ਕੰਨੇ ਆਦਿ ਦੀਆਂ ਬਹੁਤ ਅਸ਼ੁਧੀਆਂ ਆ ਗਈਆਂ ਹਨ। ਜੇ ਕਿਸੇ ਜ਼ੁੰਮੇਵਾਰ ਜਥੇ ਨੇ ਇਹ ਬੀੜਾਂ ਪ੍ਰਕਾਸ਼ਤ ਕਰਨ ਦਾ ਕੰਮ ਆਪਣੇ ਜ਼ੁੰਮੇ ਨ ਲਇਆ ਤਾਂ ਥੋੜੇ ਚਿਰ ਮਗਰੋਂ ਸ਼ੁਧ ਪਾਠ ਸਹੀ ਕਰਨਾ ਅਤਿ ਕਠਿਨ ਹੋ ਜਾਵੇਗਾ।" (ਪੰਨਾ (ਸ) ਉਥਾਨਿਕਾ, ਗੁਰਮਤਿ ਨਿਰਣਯ)

ਅਸਲ ਵਿਚ ਬੀੜਾਂ ਦੀ ਛਪਾਈ ਦਾ ਕੰਮ ਇਕੋ ਇਕ ਮਿਸ਼ਨਰੀ ਟਰੱਸਟ ਦੇ ਹੱਥ ਵਿਚ ਹੋਣਾ ਚਾਹੀਦਾ ਹੈ ਅਤੇ ਵਪਾਰੀ-ਪ੍ਰਕਾਸ਼ਕਾਂ ਦੁਆਰਾ ਬੀੜਾਂ ਦੀ ਛਪਾਈ ਤੁਰਤ ਬੰਦ ਹੋਣੀ ਚਾਹੀਦੀ ਹੈ, ਤਾਂ ਕਿਧਰੇ ਇਸ ਪੱਖ ਵਿਚ ਸੁਧਾਰ ਦੀ ਕੋਈ ਆਸ ਹੋ ਸਕਦੀ ਹੈ।

ਇਹ ਸਭ ਤੋਂ ਮਹੱਤਵ-ਪੂਰਨ ਮਸਲਾ ਹੈ, ਇਸ ਲਈ ਸਿਖ ਸੰਗਤਾਂ ਵਲੋਂ ਬਾਰ ਬਾਰ ਜ਼ਿਮੇਵਾਰ ਸੰਸਥਾਵਾਂ ਨੂੰ ਸੁਚੇਤ ਕੀਤੇ ਜਾਣ ਦੀ ਲੋੜ ਹੈ।

## ਬੀੜਾਂ ਦਾ ਸਤਿਕਾਰ ਤੇ ਸਾਰ ਸੰਭਾਲ—

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਦੀਆਂ ਤੋਂ ਸਿਖ ਸੰਗਤਾਂ ਨੂੰ ਜੀਅ ਦਾਨ ਦੇ ਕੇ ਅਕਾਲ ਪੁਰਖ ਨਾਲ ਜੋੜਦੇ ਆ ਰਹੇ ਹਨ। ਗੁਰਬਾਣੀ ਅਨੁਸਾਰ "ਪੋਥੀ ਪਰਮੇਸਰ ਕਾ ਥਾਨੁ"*ਹੈ। ਬਿਖੜੇ ਸਮਿਆਂ ਅਤੇ ਘਲੂਘਾਰਿਆਂ ਵਿਚ ਵੀ ਸਿਖ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਆਪਣੀ ਜਿੰਦ ਨਾਲੋਂ ਪਿਆਰੀਆਂ ਜਾਣ ਕੇ ਸੰਭਾਲ ਰਖੀਆਂ, ਜਿਸ ਦੇ ਫਲ-ਸਰੂਪ ਅੱਜ ਹਜ਼ਾਰਾਂ ਦੀ ਗਿਣਤੀ ਵਿਚ ਪੁਰਾਤਨ ਹੱਥ-ਲਿਖਤ ਬੀੜਾਂ ਸਾਨੂੰ ਉਪਲਭਦ ਹਨ।

ਸੰਸਾਰ ਦੇ ਕਿਸੇ ਧਰਮ ਗ੍ਰੰਥ ਦਾ ਅਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਕਾਰ ਜਿੰਨਾ ਨਹੀਂ, ਪਰ ਫ਼ਖ਼ਰ ਦੀ ਗੱਲ ਹੈ ਕਿ ਕਿਸੇ ਧਰਮ ਗ੍ਰੰਥ ਦੇ ਏਨੀ ਸੰਖਿਆ ਵਿਚ ਲਿਖਤੀ) ਉਤਾਰੇ ਨਹੀਂ ਮਿਲਦੇ ਜਿੰਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਨ।

ਇਤਿਹਾਸ ਵਿਚ ਅਜਿਹਾ ਸਮਾਂ ਵੀ ਆਇਆ ਜਦੋਂ ਪੰਜਾਬ ਦੇ ਭੂਤਰੇ ਹੋਏ ਹੁਕਮਰਾਨਾਂ ਵਲੋਂ 'ਗੁੜ' ਅਤੇ 'ਗ੍ਰੰਥ' ਸ਼ਬਦ ਦੇ ਬੋਲਣ ਤੇ ਕਾਨੂੰਨਨ ਪਾਬੰਦੀ ਲਾ ਦਿਤੀ ਗਈ। ਉਹਨਾਂ ਨੂੰ ਧੁੜਕੂ ਸੀ ਕਿ 'ਗੁੜ' ਸ਼ਬਦ ਦੇ ਉਚਾਰਨ ਨਾਲ 'ਗੁਰ' ਅਤੇ 'ਗ੍ਰੰਥ' ਸ਼ਬਦ ਦੇ ਉਚਾਰਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਚੇਤਾ ਆਉਂਦਾ ਹੈ। ਸੋ ਉਹਨਾਂ ਵਲੋਂ ਹੁਕਮ ਕੀਤਾ ਗਿਆ ਕਿ 'ਗੁੜ' ਨੂੰ ਭੇਲੀ ਅਤੇ 'ਗ੍ਰੰਥ' ਨੂੰ ਪੋਥੀ ਕਿਹਾ ਜਾਵੇ। ਜ਼ਾਲਮ ਹੁਕਮਰਾਨਾਂ ਵਲੋਂ ਏਨੀ ਕਰੜਾਈ ਅਤੇ ਜਬਰ ਦੇ ਬਾਵਜੂਦ ਸਿਦਕੀ ਗੁਰਸਿਖਾਂ ਨੇ ਪਾਵਨ ਬੀੜਾਂ ਆਪਣੇ ਜਾਨ ਮਾਲ ਤੋਂ ਕੀਮਤੀ ਜਾਣ ਕੇ ਸੀਨੇ ਨਾਲ ਲਾਈ ਰਖੀਆਂ ਤੇ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਇਹ ਅਮੋਲਕ ਵਿਰਸਾ

*ਸਾਰਗ ਮ: ੫, ਪੰਨਾ ੧੨੨੬



www.AKJ.Org

ਪ੍ਰਦਾਨ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹੋਂਦ ਅਤੇ ਹਜ਼ੂਰ ਦੀ ਪਿਆਰੀ ਯਾਦ ਮਿਟਾਉਣ ਵਾਲੇ ਮਕਰੂਹ ਹੁਕਮਰਾਨਾਂ ਦਾ ਸਫ਼ਾ-ਹਸਤੀ ਤੋਂ ਮਲੀਆਮੇਟ ਹੋ ਚੁਕਾ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਡਿਆਈ ਅਤੇ ਪ੍ਰਭਤਾ ਦਾ ਡੰਕਾ ਸੰਸਾਰ ਦੇ ਕੋਨੇ ਕੋਨੇ ਵਿਚ ਵਜਦਾ ਚਲਿਆ ਆ ਰਿਹਾ ਹੈ। ਸਦੀਆਂ ਤੋਂ ਸਿਖ ਸੰਗਤਾਂ ਆਪ ਜੀ ਤੋਂ ਜੀਵਨ ਦੇ ਹਰ ਪੱਖ ਵਿਚ ਅਗਵਾਈ ਪ੍ਰਾਪਤ ਕਰ ਕੇ ਜੀਵਨ ਸਫਲ ਕਰ ਰਹੀਆਂ ਹਨ।

ਸਮੁੱਚੀ ਕੌਮ ਵਲੋਂ ਮਿਲ ਕੇ ਭਰਵਾਂ ਹੰਭਲਾ ਮਾਰਨ ਦੀ ਲੋੜ ਹੈ ਕਿ ਪਾਵਨ ਬੀੜ ਦੀ ਬਜ਼ਾਰਾਂ ਵਿਚ ਵਿਕਰੀ ਬੰਦ ਹੋਵੇ।

**ਸਤਿਗੁਰੁ ਜਾਗਤਾ ਹੈ ਦੇਉ—**

ਪ੍ਰਸਿੱਧ ਅਖਾਣ ਹੈ "ਸਿਦਕ ਦੇ ਬੇੜੇ ਪਾਰ"। ਗਿਆਨ ਦਾ ਭਾਵ ਹੈ ਚਾਨਣਾ। ਗਿਆਨ ਮਨੁਖ ਨੂੰ ਚੰਗੇ ਮੰਦੇ, ਲਾਭ ਹਾਣ ਆਦਿ ਵਿਚ ਨਿਰਣਾ ਕਰਨਾ ਸਿਖਾਂਦਾ ਹੈ, ਇਸ ਲਈ ਇਹ ਅਤਿ ਲੋੜੀਂਦੀ ਵਸਤੂ ਹੈ। ਪਰ ਅਧਿਆਤਮਕ-ਵਾਦ ਵਿਚ ਗਿਆਨ ਤੋਂ ਵਧੇਰੇ ਜਗਿਆਸੂ ਨੂੰ ਸਿਦਕ ਲੋੜੀਂਦਾ ਹੈ। ਸਿਦਕ ਤੋਂ ਸਖਣਾ ਗਿਆਨ ਕੇਵਲ ਦਿਮਾਗੀ ਕਸਰਤ ਹੀ ਬਣ ਕੇ ਰਹਿ ਜਾਂਦਾ ਹੈ। ਇਕੱਲੇ ਗਿਆਨ ਨਾਲ ਅਹੰਕਾਰ ਵਧਦਾ ਹੈ ਤੇ ਭਟਕਣਾ ਹੀ ਪਲੇ ਪੈਂਦੀ ਹੈ। ਸੋ ਗਿਆਨ ਨਾਲ ਸਿਦਕ ਦਾ ਹੋਣਾ ਸੋਨੇ ਤੇ ਸੁਹਾਗੇ ਦਾ ਕੰਮ ਦੇਂਦਾ ਹੈ।

ਮਾਦਾ-ਪ੍ਰਸਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਦਰ ਸਾਰ ਨਹੀਂ। ਉਹਨਾਂ ਲਈ 'ਚੰਮ' ਅਤੇ 'ਦੰਮ' ਹੀ ਸਭ ਕੁਝ ਹੈ। ਉਹ ਹੱਡ, ਚੰਮ ਵਾਲਾ ਪੰਜ ਭੂਤਕੀ ਗੁਰੂ ਭਾਲਦੇ ਹਨ। ਮਾਦਾ-ਪ੍ਰਸਤੀ ਦੇ ਜਿਹੜੇ ਖੱਡੇ ਵਿਚੋਂ ਸਤਿਗੁਰਾਂ ਸਾਨੂੰ ਕਢਿਆ ਸੀ, ਉਹ ਮੁੜ ਉਸੇ ਖੱਡੇ ਵਿਚ ਡਿਗ ਕੇ ਆਪਣੀ ਅਕਲ ਦਾ ਦਿਵਾਲਾ ਕਢਦੇ ਹਨ। ਉਹ ਬਾਰ ਬਾਰ ਚੁਚਰ ਭੇੜਦੇ ਹਨ ਕਿ ਸੁਣਦਾ, ਵੇਖਦਾ, ਬੋਲਦਾ ਚਾਲਦਾ ਗੁਰੂ ਚਾਹੀਦਾ ਹੈ। ਉਹਨਾਂ ਦੇ ਭਾਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਣਦੇ ਵੇਖਦੇ ਬੋਲਦੇ ਚਾਲਦੇ ਨਹੀਂ।

ਇਹਨਾਂ ਭਦਰ ਪੁਰਸ਼ਾਂ ਨੂੰ ਕੌਣ ਦਸੇ ਕਿ ਸੁਣਨ, ਵੇਖਣ, ਬੋਲਣ ਚਾਲਣ ਵਾਲਾ ਮਨੁਖੀ ਸਰੀਰ ਨਹੀਂ, ਸਗੋਂ ਕੋਈ ਹੋਰ ਹੋਂਦ ਹੈ। ਗੁਰੂ "ਵਿਅਕਤੀ" ਨਹੀਂ, "ਸ਼ਕਤੀ" ਹੈ। 'ਸ਼ਕਤੀ' ਅਦ੍ਰਿਸ਼ਟ ਹੈ। ਉਹ ਮਾਦੀ ਅੱਖ ਨਾਲ ਨਹੀਂ, ਸੁਰਤੀ ਦੀ ਅੱਖ ਨਾਲ ਦਿਸਦੀ ਹੈ। ਵਿਚਾਰੇ ਉੱਲੂ ਨੂੰ ਦਿਨ ਦਿਹਾੜੇ ਚਾਨਣਾ ਨਹੀਂ ਦਿਸਦਾ। ਵਾਹਿਗੁਰੂ ਦੀ ਖੇਡ ਅਦਭੁਤ ਹੈ। ਕਈਆਂ ਨੂੰ ਉਹ ਹਨੇਰੇ ਵਿਚ ਚਾਨਣਾ ਕਰ ਕੇ ਰਾਹੇ ਪਾ ਦਿੰਦਾ ਹੈ, ਪਰ ਕਈ ਚਾਨਣੇ ਵਿਚ ਹੀ ਕੁਰਾਹੇ ਪਏ ਠੇਡੇ ਖਾਈ ਜਾਂਦੇ ਹਨ, ਵਾਹਿਗੁਰੂ ਸਭ ਤੇ ਮਿਹਰ ਕਰੇ! ਹਰ ਕਿਸੇ ਨੂੰ ਸਿਦਕ ਦੀ ਅੱਖ ਦੇਵੇ !!

ਸ੍ਰੀ ਗੁਰੂ ਗ੍ਰੰਥ ਸਾਹਿਬ ਦਿਬ-ਮੂਰਤਿ ਹਨ—ਜਾਗਤ ਜੋਤਿ ਹਨ, ਸੁਣਦੇ ਹਨ, ਵੇਖਦੇ ਹਨ, ਜਗਿਆਸੂਆਂ ਦੀਆਂ ਅਰਦਾਸਾਂ-ਜੋਦੜੀਆਂ ਸੁਣ ਕੇ ਉਹਨਾਂ ਨੂੰ ਜੀਵਨ-ਸੇਧ ਬਖ਼ਸ਼ਦੇ ਹਨ, ਧਰਵਾਸ ਧੀਰਜ ਅਤੇ ਦਿਲਾਸਾ ਬਖ਼ਸ਼ਦੇ ਹਨ। ਪਰ ਅਜਿਹੀ ਪ੍ਰਤੀਤ ਕੇਵਲ ਸਿਦਕ ਵਾਲਿਆਂ ਨੂੰ ਆਉਂਦੀ ਹੈ, ਕਿਸੇ ਐਰੇ ਗੈਰੇ ਨੂੰ ਨਹੀਂ।

ਸ਼ਰਧਾਵਾਨ ਗੁਰਸਿਖ ਹਰ ਰੋਜ਼ ਸਤਿਗੁਰਾਂ ਦੇ ਪਾਵਨ ਬਚਨ ਸ੍ਰਵਣ ਕਰਕੇ, ਉਹਨਾਂ ਨੂੰ ਪੱਲੇ ਬੰਨ੍ਹ ਕੇ, ਜੀਵਨ ਵਿਚ ਖੇੜਾ, ਵਿਗਾਸ, ਸੁਹਜ ਸਵਾਦ ਅਤੇ ਚੜ੍ਹਦੀ ਕਲਾ ਪ੍ਰਾਪਤ ਕਰਦੇ ਹਨ। ਸਿਦਕ ਵਾਲਿਆਂ ਦੀ ਦੁਨੀਆ ਵਿਚ ਅਜਿਹਾ ਵਰਤਾਰਾ ਨਿਰੰਤਰ ਵਰਤਦਾ ਰਹਿੰਦਾ ਹੈ ਅਤੇ ਗੁਰਸਿਖਾਂ ਅੰਦਰ ਸਤਿਗੁਰਾਂ ਦੇ ਪ੍ਰਗਟ-ਪਹਾਰੇ ਵਰਤਣ ਵਾਲੀ ਗੁਹਜ-ਕਲਾ ਦੀ ਸਾਂਝ ਸੀਨਾ-ਬ-ਸੀਨਾ ਹੁੰਦੀ ਆਈ ਹੈ ਅਤੇ ਨਿਤ ਹੁੰਦੀ ਰਹਿੰਦੀ ਹੈ। ਪਰ ਸਿਖ ਇਤਿਹਾਸ ਨੇ ਕੁਝ ਘਟਨਾਵਾਂ ਆਪਣੇ ਸੀਨੇ ਉਤੇ ਉੱਕਰ ਰਖੀਆਂ ਹਨ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਪਰਤੱਖ ਕਲਾ ਵਰਤਾ ਕੇ ਆਪਣੇ ਹੁਕਮਨਾਮੇ ਰਾਹੀਂ ਆਪਣੇ ਪਿਆਰਿਆਂ ਨੂੰ ਸਮੇਂ ਸਮੇਂ ਦਰ-ਪੇਸ਼ ਮਸਲਿਆਂ ਸੰਬੰਧੀ ਸੇਧ ਦਿਤੀ। ਇਹਨਾਂ ਵਿਚੋਂ ਕੁਝ ਕੁ ਘਟਨਾਵਾਂ ਦਾ ਵੰਨਗੀ ਮਾਤਰ ਸੰਖੇਪ ਵਰਨਣ ਇਉਂ ਹੈ :—

(ੳ) ਸੰਨ ੧੫੯੨ ਵਿਚ ਅਕਬਰ ਬਾਦਸ਼ਾਹ ਪੰਜਾਬ ਆਇਆ। ਪੰਜਾਬ ਦੇ ਬ੍ਰਾਹਮਣਾਂ ਤੇ ਮੁਲਾਣਿਆਂ ਨੇ ਸਿਖ


www.AKJ.Org

ਧਰਮ ਵਿਰੁਧ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਤਿਆਰ ਕਰਵਾਏ ਗਏ ਗ੍ਰੰਥ ਸਾਹਿਬ ਵਿਰੁਧ ਉਸ ਨੂੰ ਉਲਟੀ ਪਟੀ ਪੜ੍ਹਾਈ ਕਿ ਇਸ ਵਿਚ ਦੀਨ-ਇਸਲਾਮ ਅਤੇ ਇਸ ਦੇ ਪੈਗੰਬਰ ਦੀ ਤੌਹੀਨ ਕੀਤੀ ਗਈ ਹੈ। ਬਾਦਸ਼ਾਹ ਅਮੂਮਨ ਕੰਨਾਂ ਦੇ ਕੱਚੇ ਹੁੰਦੇ ਹਨ। ਉਸ ਨੇ ਪੋਥੀ ਸਾਹਿਬ ਨੂੰ ਮੰਗਵਾ ਭੇਜਿਆ ਤੇ ਪੜ੍ਹ ਕੇ ਸੁਣਾਉਨ ਲਈ ਹੁਕਮ ਦਿਤਾ।

ਪੋਥੀ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਚੁੱਭਾ ਮਾਰ ਕੇ ਜਦੋਂ ਹੁਕਮਨਾਮਾ ਲਿਆ ਗਿਆ ਤਾਂ ਹੁਕਮਨਾਮਾ ਇਹ ਸੀ :—

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥ (ਪੰਨਾ ੧੩੪੯)

(ਅ) ਕਸੂਰ ਦੇ ਫ਼ੌਜਦਾਰ ਨੇ ਇਕ ਬ੍ਰਾਹਮਣ ਦੀ ਨਵ-ਵਿਆਹੀ ਪਤਨੀ ਖੋਹ ਲਈ। ਉਹ ਬ੍ਰਾਹਮਣ ਖਾਲਸਾ ਜੀ ਦੀ ਸ਼ਰਨ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਹੋਇਆ। ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਖਾਲਸਾ ਜੀ ਦੀ ਗਿਣਤੀ ਬਹੁਤ ਸਵਾਈ ਸੀ, ਪਰ ਖਾਲਸਾ ਜੀ ਦੇ ਸਾਹਮਣੇ ਸ਼ਰਨ-ਪਾਲਣ ਦਾ ਆਦਰਸ਼ ਸੀ। ਕੁਝ ਸਿੰਘਾਂ ਦਾ ਵਿਚਾਰ ਸੀ ਕਿ ਹੋਰ ਖ਼ਾਲਸਾ ਫੌਜਾਂ ਦੀ ਉਡੀਕ ਕਰ ਲਈ ਜਾਵੇ, ਪਰ ਕੁਝ ਇਸ ਖ਼ਿਆਲ ਦੇ ਸਨ ਕਿ ਤੁਰਤ ਚੜ੍ਹਾਈ ਕਰ ਦਿਤੀ ਜਾਵੇ ਤੇ ਜਿੰਨੀ ਛੇਤੀ ਹੋ ਸਕੇ, ਉਸ ਬ੍ਰਾਹਮਣੀ ਦੀ ਪਤ ਬਚਾਈ ਜਾਵੇ। ਪਰਸਪਰ ਵਿਚਾਰ-ਵਟਾਂਦਰੇ ਮਗਰੋਂ ਇਸ ਗੱਲ ਤੇ ਸੰਮਤੀ ਹੋਈ ਕਿ ਦਰ-ਪੇਸ਼ ਮਸਲੇ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਵਾਜ਼ਾ ਲਿਆ ਜਾਵੇ। ਅਰਦਾਸਾ ਸੋਧ ਕੇ ਹੁਕਮਨਾਮਾ ਲਿਆ ਤਾਂ ਹੁਕਮਨਾਮਾ ਫ਼ਤਿਹ ਦਾ ਆਇਆ। ਸੋ ਸਵਾਈ ਜਿਹੀ ਖਾਲਸਾ ਫ਼ੌਜ ਨੇ ਜੈਕਾਰੇ ਗਜਾਂਦਿਆਂ ਤੁਰਤ ਕਮਰਕਸੇ ਕਰ ਲਏ ਰਾਤ ਦੇ ਅੰਨ੍ਹੇਰੇ ਵਿਚ ਜਾ ਹੱਲਾ ਬੋਲਿਆ ਤੇ ਉਸ ਅਬਲਾ ਨੂੰ ਜ਼ਾਲਮਾਂ ਦੇ ਪੰਜੇ ਵਿਚੋਂ ਛੁਡਾ ਕੇ ਉਸ ਦੇ ਪਤੀ ਦੇ ਹਵਾਲੇ ਕਰ ਦਿਤਾ। ਭਾਈ ਰਤਨ ਸਿੰਘ ਜੀ ਭੰਗੂ ਨੇ ਆਪਣੇ ਪੰਥ ਪ੍ਰਕਾਸ਼ ਵਿਚ ਇਸ ਘਟਨਾ ਦਾ ਸਵਾਦਲਾ ਵਰਨਣ ਇਉਂ ਕੀਤਾ ਹੈ :–

ਚੌਪਈ : ਸਰਬ ਘਨੱਜਨ ਕੈ ਦਿਲ ਆਈ ॥ ਰਾਮਗੜ੍ਹੀਅਨ ਕੈ ਭੀ ਮਨ ਆਈ ॥
ਨਕੱਈਨ ਨੈ ਭੀ ਆਛੀ ਮਾਨੀ ॥ ਕਰਨਹਾਰ ਜੋ ਕਰਨੀ ਠਾਨੀ ॥
ਲੇਹੁ ਦਰਬਾਰੇ ਗ੍ਰੰਥ ਅਵਾਜ ॥ ਦੇਉਗੁ ਬਚਨ ਹੋਣ ਕਾਜ ਅਕਾਜ ॥
ਦੋਹਰਾ : ਸਬੈ ਕਹੇ ਖਾਲਸੋ ਰਲਿ ਤੁਰਯੋ, ਲੈਨ ਗ੍ਰੰਥ ਅਵਾਜ ॥
ਜੋ ਹੋਨੋ ਸੋ ਕਰੈ ਗੋ, ਫਤਹ ਅਫਤ ਜੋ ਕਾਜ ॥
ਚੌਪਈ : ਤਬ ਸਭ ਖਾਲਸੋ ਗਯੋ ਦਰਬਾਰ ॥ ਹਾਥ ਜੋੜ ਸਭ ਇਕ ਮਨ ਧਾਰ ॥
ਦੀਜੈ ਵਾਕ ਜੋ ਕਰਨੋ ਹੋਈ ॥ ਤੂੰ ਸਤਿਗੁਰ ਹਮ ਹੈਂ ਸਿਖ ਤੋਈ ॥
ਕਸੂਰ ਮਾਰਨ ਕੀ ਦੀਜੈ ਅਵਾਜ ॥ ਹੈ ਜੋ ਕਰਨੇ ਸਿਖਨ ਕਾਜ ॥
ਹਾਥ ਜੋੜ ਸਭ ਸੰਗਤ ਖੜੀ ॥ ਟੇਕ ਮਥੋ ਕਿਛੁ ਭੁਇੰ ਪਰ ਪੜੀ ॥
ਤੂ ਗੁਰੂ ਗ੍ਰੰਥ ਸਚੀ ਹੈਂ ਦੇਹ ॥ ਸਿਖ ਸੰਗਤ ਕੋ ਸਚ ਵਾਕ ਦੇਹੁ ॥
ਚਕ ਪਤਰੋ ਤਬ ਗ੍ਰੰਥ ਜੀ ਦੇਖਾ ॥ ਬਸੰਤ ਵਾਰ ਕੋ ਆਯੋ ਲੇਖਾ ॥
ਪਉੜੀ–"ਪੰਜੇ ਬਧੇ ਮਹਾ ਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥ (ਪੰਨਾ ੧੧੯੩)
ਦੋਹਰਾ : ਗ੍ਰੰਥ ਬਚਨ ਸੁਣ ਖੁਸ਼ ਭਏ, ਲਈ ਕਸੂਰ ਜਨੁ ਮਾਰ ॥
ਕਰੇ ਨਗਾਰੇ ਜੈਤ ਕੇ, ਗੁਰ ਫਤਹ ਸੁ ਊਚ ਉਚਾਰ ॥ ਪੰਨਾ ੩੮੭-੮੮, ਐਡੀਸ਼ਨ ਪੰਜਵੀਂ



www.AKJ.Org

(ੲ) ਸੰਗਤਾਂ ਵਲੋਂ ਮੰਗ ਕੀਤੀ ਗਈ ਕਿ ਜਦੋਂ ਕੋਈ ਵਿਅਕਤੀ ਸਿਖ ਧਰਮ ਧਾਰਨ ਕਰ ਲੈਂਦਾ ਹੈ ਅਤੇ ਅੰਮ੍ਰਿਤ ਛਕ ਕੇ ਖਾਲਸਾ ਭਾਈਚਾਰੇ ਵਿਚ ਪਰਵੇਸ਼ ਕਰ ਲੈਂਦਾ ਹੈ ਤਾਂ ਉਸ ਤੋਂ ਮਗਰੋਂ ਜਾਤ ਪਾਤ ਦੇ ਅਧਾਰ ਤੇ ਕਿਸੇ ਕਿਸਮ ਦਾ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ।

੨੦ ਅਕਤੂਬਰ ੧੯੨੦ ਨੂੰ ਜਲ੍ਹਿਆਂ ਵਾਲੇ ਬਾਗ ਵਿਚ ਇਕ ਇਕਤ੍ਰਤਾ ਹੋਈ, ਜਿਸ ਵਿਚ ਖਾਲਸਾ ਬਰਾਦਰੀ ਦੇ ਨਵੇਂ ਸਜੇ ਸਿੰਘ ਵੀ ਸ਼ਾਮਲ ਸਨ। ਦੀਵਾਨ ਦੀ ਸਮਾਪਤੀ ਮਗਰੋਂ ਖਾਲਸਾ ਕਾਲਜ ਦੇ ਪ੍ਰੋਫੈਸਰ, ਹੋਰ ਮੁਖੀਏ ਅਤੇ ਖਾਲਸਾ ਬਰਾਦਰੀ ਦੇ ਨਵੇਂ ਸਿੰਘ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਸ੍ਰੀ ਦਰਬਾਰ ਸਾਹਿਬ ਵਲ ਤੁਰੇ। ਸ੍ਰੀ ਦਰਬਾਰ ਸਾਹਿਬ ਪੁਜਣ ਤੇ ਪੁਜਾਰੀ-ਗ੍ਰੰਥੀ ਸਿੰਘਾਂ ਨੇ ਕੜਾਹ ਪ੍ਰਸ਼ਾਦ ਦੀ ਦੇਗ ਸਵੀਕਾਰ ਕਰਨ ਤੋਂ ਇਨਕਾਰ ਕਰ ਦਿਤਾ। ਪਰ ਸੰਗਤਾਂ ਵਲੋਂ ਤਕਰਾਰ ਕੀਤਾ ਗਿਆ ਕਿ ਜਦੋਂ ਕੋਈ ਪ੍ਰਾਣੀ ਅੰਮ੍ਰਿਤ ਛਕ ਕੇ ਸਿੰਘ ਸਜ ਜਾਂਦਾ ਹੈ ਤਾਂ ਉਸ ਨੂੰ ਹੋਰ ਸਿੰਘਾਂ ਵਾਂਗ ਕੜਾਹ ਪ੍ਰਸ਼ਾਦ ਦੀ ਦੇਗ ਭੇਟਾ ਕਰਨ ਦਾ ਹੱਕ ਹਾਸਲ ਹੋ ਜਾਂਦਾ ਹੈ।

ਕਾਫ਼ੀ ਤਕਰਾਰ ਕਰਨ ਮਗਰੋਂ ਸਾਰੇ ਇਸ ਗੱਲ ਤੇ ਸਹਿਮਤ ਹੋ ਗਏ ਕਿ ਇਸ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ ਲੈ ਲਿਆ ਜਾਵੇ, ਜੋ ਹੁਕਮਨਾਮਾ ਆਵੇ, ਉਸ ਨੂੰ ਸਾਰੇ ਸਵੀਕਾਰ ਕਰਨ। ਤਾਬਿਆ ਸਜੇ ਗ੍ਰੰਥੀ ਸਾਹਿਬ ਨੇ ਚੁਭਾ ਮਾਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ ਲਿਆ ਤਾਂ ਹੁਕਮਨਾਮਾ ਇਹ ਆਇਆ :-

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥
ਸਤਿਗੁਰ ਕੀ ਸੇਵਾ ਊਤਮੁ ਹੈ ਭਾਈ ਰਾਮ ਨਾਮਿ ਚਿਤੁ ਲਾਇ ॥੧॥
ਹਰਿ ਜੀਉ ਆਪੇ ਬਖਸਿ ਮਿਲਾਇ ॥
ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ ॥ਰਹਾਉ॥
...............

[ਸੋਰਠਿ ਮ: ੩ ਦੁਤੁਕੀ, ਪੰਨਾ ੬੩੮

ਇਸ ਹੁਕਮਨਾਮੇ ਨਾਲ ਸਭ ਦੀ ਨਿਸ਼ਾ ਹੋ ਗਈ ਅਤੇ ਗ੍ਰੰਥੀ ਸਿੰਘਾਂ ਅਤੇ ਹੋਰ ਪੁਜਾਰੀਆਂ ਨੇ ਇਸ ਹੁਕਮ-ਨਾਮੇ ਅਗੇ ਸਿਰ ਨਿਵਾ ਕੇ ਕੜਾਹ ਪ੍ਰਸ਼ਾਦ ਪ੍ਰਵਾਨ ਕਰ ਲਿਆ।

ਪੁਰਾਤਨ ਗੁਰਸਿਖਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਸਿਦਕ ਅਡੋਲ ਸੀ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਪਾਤਸ਼ਾਹੀਆਂ ਦਾ ਪਰਤੱਖ ਸਰੂਪ ਮਨ ਬਚਨ ਕਰਮ ਕਰਕੇ ਮੰਨਦੇ ਸਨ। ਉਹ ਗੁਰਬਾਣੀ ਦੇ ਰਸੀਏ ਸਨ ਅਤੇ ਗੁਰਬਾਣੀ ਉਹਨਾਂ ਦੇ ਜੀਵਨ ਦਾ ਅਧਾਰ ਸੀ।

ਕਲਜੁਗ ਦੇ ਪ੍ਰਭਾਵ ਕਾਰਨ ਸਥਿਤੀ ਬਦਲ ਗਈ ਹੈ। ਅਜੇ ਦਿਖਾਵੇ ਦੇ ਕਈ ਅਖੰਡਪਾਠ ਕਰਵਾਏ ਜਾਂਦੇ ਹਨ, ਪਰ ਗੁਰਬਾਣੀ ਪੜ੍ਹਨ ਸੁਣਨ ਦੀ ਰਵਸ਼ ਘਟ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਹੀ ਅਰਥਾਂ ਵਿਚ ਗੁਰੂ ਮੰਨਣ ਦੀ ਕਸਵੱਟੀ ਇਹ ਹੈ ਕਿ ਗੁਰਬਾਣੀ ਹਿਰਦੇ ਵਿਚ ਵਸੇ ਅਤੇ ਜੀਵਨ ਗੁਰਬਾਣੀ ਦੇ ਸਾਂਚੇ ਵਿਚ ਢਲੇ।

---

**ਪਾਠਕ ਜੀ**—(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

(੪) ਸ਼ਹੀਦੀ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।



www.AKJ.Org

# ਸਿੰਘਾਂ ਦਾ ਹੋਲਾ

[ਸ: ਮਦਨ ਸਿੰਘ ਜੀ, ਬਰਮਿੰਘਮ, ਯੂ. ਕੇ.]

"ਸਿੰਘਾਂ ਦਾ ਪੰਥ ਨਿਰਾਲਾ" ਅਖੌਤ ਵਾਂਗ ਸਿੰਘਾਂ ਦੇ ਮੇਲੇ-ਮੁਸਾਹਬੇ ਵੀ ਆਪਣੀ ਨਿਰਾਲੀ ਸ਼ਾਨ ਰਖਦੇ ਹਨ। ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਹੋਲੇ ਦੇ ਤਿਉਹਾਰ ਨੂੰ ਮਨਾਉਣ ਲਈ ਜੁੜਨਾ, ਤੇ ਖੁਸ਼ੀਆਂ ਨਾਲ ਖੇਲਣਾ-ਮਲ੍ਹਣਾ ਇਕ ਅਦੁਤੀ ਕਾਰਨਾਮਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਗੁਲਾਮੀ ਦੀ ਹਰ ਕੜੀ ਨੂੰ ਤੋੜਨਾ ਤੇ ਮੁਰਦਾ ਹੋਈਆਂ ਰੂਹਾਂ ਵਿਚ ਆਜ਼ਾਦੀ ਦੀ ਸਪਿਰਿਟ ਨੂੰ ਸੁਰਜੀਤ ਕਰਨਾ ਸੀ। ਹਿੰਦੂਆਂ ਦੇ ਹੋਲੀ ਦੇ ਤਿਉਹਾਰ ਤੋਂ ਦੂਸਰੇ ਦਿਨ ਸਿੰਘ ਹੋਲਾ ਮਨਾਉਂਦੇ ਹਨ, ਇਸ ਲਈ ਹੋਲੇ ਦੇ ਵਿਸ਼ੇ ਨੂੰ ਸਮਝਣ ਲਈ ਹੋਲੀ ਬਾਰੇ ਸਮਝਣਾ ਲਾਜ਼ਮੀ ਹੈ। ਹੋਲੀ ਅਤੇ ਹੋਲੇ ਦੇ ਤਿਉਹਾਰਾਂ ਦਾ ਸਮਾਂ ਵੀ ਤਕਰੀਬਨ ਇਕੋ ਹੀ ਹੈ।

ਹਿੰਦੂ ਲੋਕ ਸਦੀਆਂ ਤੋਂ ਇਹ ਤਿਉਹਾਰ ਮਨਾਉਂਦੇ ਆ ਰਹੇ ਹਨ। ਸ੍ਰੀ ਕ੍ਰਿਸ਼ਨ ਭਗਵਾਨ ਨੂੰ ਵੀ ਆਪਣੀਆਂ ਗੋਪੀਆਂ ਨਾਲ ਰੰਗ ਦੀਆਂ ਪਿਚਕਾਰੀਆਂ ਚਲਾਉਂਦੇ ਦਸਿਆ ਗਿਆ ਹੈ। ਸਾਰੇ ਭਾਰਤ ਵਿਚ ਹਿੰਦੂ ਇਹਨਾਂ ਦਿਨਾਂ ਵਿਚ ਨਚਦੇ ਟਪਦੇ, ਭੰਗੜੇ ਪਾਉਂਦੇ, ਇਕ ਦੂਸਰੇ ਤੇ ਰੰਗ ਬਰੰਗੇ ਪਾਣੀ ਪਿਚਕਾਰੀਆਂ ਰਾਹੀਂ ਸੁੱਟ ਕੇ ਹੋਲੀ ਖੇਲਦੇ ਹਨ। ਹਿੰਦੂ ਤੀਵੀਆਂ ਵੀ ਮਰਦਾਂ ਵਾਂਗ ਬੜੇ ਜੋਸ਼ ਤੇ ਉਤਸ਼ਾਹ ਨਾਲ ਇਸ ਤਿਉਹਾਰ ਨੂੰ ਮਨਾਉਂਦੀਆਂ ਹਨ। ਕਈ ਵੇਰਾਂ ਇਹ ਜੋਸ਼ ਹਿੰਦੂ-ਮੁਸਲਮ ਫਸਾਦਾਂ ਦਾ ਵੀ ਮੂਲ ਕਾਰਨ ਬਣਿਆ ਹੈ ਅਤੇ ਕਈ ਥਾਵਾਂ ਤੇ ਇਹ ਖੁਸ਼ੀਆਂ ਗ਼ਮ ਦਾ ਰੂਪ ਧਾਰਨ ਕਰ ਜਾਂਦੀਆਂ ਹਨ।

ਬਸੰਤ ਰੁੱਤ ਦੀ ਭਰ ਜਵਾਨੀ ਤੇ ਸਾਰੀ ਬਨਾਸਪਤੀ ਦਾ ਹਰ ਪਾਸੇ ਮੌਲਣ ਕਰਕੇ ਇਹ ਤਿਉਹਾਰ ਹੋਰ ਵੀ ਸੁਹਾਵਣਾ ਬਣ ਜਾਂਦਾ ਹੈ। ਪ੍ਰੰਤੂ ਸਮੇਂ ਦੀ ਤੋਰ ਨਾਲ ਇਹ ਤਿਉਹਾਰ ਫਿੱਕਾ ਤੇ ਫੋਕਾ ਬਣਦਾ ਗਿਆ ਤੇ ਹਿੰਦੂ ਕੌਮ ਭਰਮ-ਭੁਲੇਖਿਆਂ ਦੀ ਦਲਦਲ ਵਿਚ ਨਿਤਾਣੀ ਤੇ ਮਰੀਅਲ ਹੁੰਦੀ ਚਲੀ ਗਈ। ਅੰਤ ਗੁਲਾਮੀ ਦੀਆਂ ਕੜੀਆਂ ਵਿਚ ਜਕੜ ਕੇ ਰਹਿ ਗਈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਤਿਉਹਾਰ ਨੂੰ ਬੀਰ ਰਸੀ ਸਪਿਰਿਟ ਨਾਲ, ਗੁਲਾਮੀ ਦੇ ਤੌਕ ਨੂੰ ਲਾਹੁਣ ਲਈ ਹੋਲੇ ਮਹੱਲੇ ਦੇ ਰੂਪ ਵਿਚ ਬਦਲ ਦਿੱਤਾ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਲਤਾੜੇ ਜਾ ਰਹੇ ਲੋਕਾਂ ਨੂੰ ਗ਼ੈਰਤ ਨਾਲ ਜੀਣ ਦਾ ਰਸਤਾ ਦਿਖਾਇਆ ਤੇ ਆਪਣੇ ਆਉਣ ਦਾ ਉਦੇਸ਼ ਦਸਦਿਆਂ ਕਿਹਾ—

ਹਮ ਇਹ ਕਾਜ ਜਗਤ ਮੋ ਆਇ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥੪੨॥ [ਬਚਿਤ੍ਰ ਨਾਟਕ, ਧਿਆਇ ੬

ਦੁਸ਼ਟਾਂ ਦੋਖੀਆਂ ਨੂੰ ਸੋਧਣ ਲਈ ਤੇ ਦੁਖੀਆਂ ਬੇਸਹਾਰਿਆਂ ਦੀ ਸੇਵਾ ਘਾਲਣ ਦਾ ਧਰਮ ਨਿਭਾਉਣ ਲਈ, "ਸਵਾ ਲਾਖ ਸੇ ਏਕ ਲੜਾਊਂ, ਚਿੜੀਆਂ ਕੋਲੋਂ ਬਾਜ ਤੁੜਾਊਂ" ਵਾਲੀ ਸਪਿਰਿਟ ਆਪਣੇ ਖਾਲਸੇ ਵਿਚ ਭਰਨ ਲਈ ਹੋਲਾ ਮਹੱਲਾ ਖੇਡਣ ਦੀ ਰੀਤ ਸੰਮਤ ੧੭੫੭ ਚੇਤਰ ਵਦੀ ਇਕ ਨੂੰ ਕਿਲ੍ਹਾ ਹੋਲਗੜ੍ਹ ਅਨੰਦਪੁਰ ਸਾਹਿਬ ਵਿਖੇ ਦੀਵਾਨ ਸਜਾ ਕੇ ਚਲਾਈ।

ਭਾਈ ਸਾਹਿਬ ਕਾਨ੍ਹ ਸਿੰਘ ਜੀ ਮਹਾਨ ਕੋਸ਼ ਵਿਚ ਹੋਲਾ ਮਹੱਲਾ ਦੇ ਅਰਥ ਇਸ ਤਰ੍ਹਾਂ ਲਿਖਦੇ ਹਨ:—

"ਹਮਲਾ ਅਤੇ ਜਾਯ ਹਮਲਾ। ਹੱਲਾ ਅਤੇ ਹੱਲੇ ਦੀ ਥਾਂ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤਰ ਅਤੇ ਯੁਧ ਵਿਦਿਆ ਵਿਚ ਨਿਪੁੰਨ ਕਰਨ ਲਈ ਇਕ ਰੀਤ ਚਲਾਈ ਸੀ ਕਿ ਦੋ ਦੱਲ ਬਣਾ ਕੇ ਪਰਧਾਨ ਸਿੰਘਾਂ ਦੇ ਹੇਠ ਇਕ ਖਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨ। ਕਲਗੀਧਰ ਇਸ ਮਸਨੂਈ ਜੰਗ ਦਾ ਕਰਤਬ (Manoeuvre) ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਿਆ ਦਿੰਦੇ ਸੇ, ਅਰ ਜੋ ਦੱਲ ਕਾਮਯਾਦ ਹੁੰਦਾ ਉਸਨੂੰ ਦੀਵਾਨ ਵਿਚ ਸਿਰੋਪਾ ਬਖਸ਼ਦੇ ਸਨ।"

ਅਨੰਦਪੁਰ ਸਾਹਿਬ ਦੀ ਧਰਤੀ ਤੇ ਹਰ ਸਾਲ ਸਿੰਘ ਆਪਣੀ ਇਤਿਹਾਸਕ ਪਰੰਪਰਾ ਨੂੰ ਜੀਉਂਦਾ ਰਖਣ



www.AKJ.Org

ਤੇ ਸੱਚੀ ਸੁੱਚੀ ਸੇਧ ਲਈ ਜੰਗੀ ਕਰਤਬ ਕਰਦੇ ਤੇ ਦਿਖਾਂਦੇ ਹੋਏ ਹੋਲਾ ਮਹੱਲਾ ਮਨਾਉਂਦੇ ਹਨ।

ਯਾਦ ਰੱਖਣ ਵਾਲੀ ਗੱਲ ਹੈ, ਗੁਰੂ ਪਾਤਸ਼ਾਹ ਨੇ ਆਪਣੇ ਖਾਲਸੇ ਨੂੰ ਬਹਾਦਰ ਯੋਧਾ ਬਣਨ ਦੇ ਨਾਲ ਨਾਲ ਸੰਤ ਬਣਨ ਲਈ ਵੀ ਹੁਕਮ ਕੀਤੇ ਹਨ,ਪਰ ਅਜ ਕਲ੍ਹ ਦੇ ਕਲਜੁਗੀ ਸੰਤ ਨਹੀਂ। ਸਿੱਖ ਧਰਮ ਵਿਚ ਕਰਨੀ ਪਰਧਾਨ ਮੰਨੀ ਗਈ ਹੈ। ਉੱਚੇ ਸੁੱਚੇ ਜੀਵਨ ਤੋਂ ਬਿਨਾਂ, ਨਿਰੇ ਦਰਸ਼ਨੀ ਸੰਤ ਦਾਅ-ਲਾਊ ਬਘਿਆੜ ਹਨ। ਪਰ ਅਜ ਕਲ੍ਹ ਇਹੋ ਜਿਹੇ ਪਖੰਡੀ ਸੰਤਾਂ ਦੀ ਭਰਮਾਰ ਹੈ। ਗੁਰੂ ਹੁਕਮਾਂ ਅਨੁਸਾਰ ਸਿੱਖ ਲਈ ਧਰਮ ਦੀ ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ ਜ਼ਰੂਰੀ ਹੈ। ਗੁਰੂ ਸਾਹਿਬ ਜਿਥੇ ਜੰਗ ਦੀਆਂ ਮਸ਼ਕਾਂ ਕਰਾਂਦੇ ਸਨ, ਉਥੇ ਦੋਨੋਂ ਵੇਲੇ ਕੀਰਤਨ ਅਖਾੜੇ, ਕਵੀ ਦਰਬਾਰ ਤੇ ਨਾਮ ਜਪਣ ਦੇ ਲਗਾਤਾਰ ਅਭਿਆਸ ਵੀ ਕਰਵਾਇਆ ਕਰਦੇ ਸਨ।

"ਧੌਲੁ ਧਰਮੁ ਦਇਆ ਕਾ ਪੂਤੁ॥" * ਦਇਆ ਬਗ਼ੈਰ 'ਫ਼ੌਜ' ਡਾਕੂਆਂ ਤੇ ਲੁਟੇਰਿਆਂ ਦਾ ਇਕ ਟੋਲਾ ਬਣ ਕੇ ਰਹਿ ਜਾਂਦੀ ਹੈ। ਇਸੇ ਲਈ ਗੁਰੂ ਸਾਹਿਬ ਨੇ ਆਪਣੇ ਖ਼ਾਲਸੇ ਨੂੰ ਗੁਰਮਤਿ-ਗਾਡੀ ਰਾਹ ਤੇ ਤੋਰਿਆ। ਇਤਿਹਾਸ ਗਵਾਹ ਹੈ,ਜੰਗਾਂ ਜੁਧਾਂ ਸਮੇਂ ਵੀ ਸਿੰਘਾਂ ਨੇ ਦੁਸ਼ਮਣ ਦੀ ਧੀ ਭੈਣ ਨੂੰ ਆਪਣੀ ਧੀ ਭੈਣ ਸਮਝਕੇ ਆਦਰ ਮਾਣ ਦਿੱਤਾ। ਮਾਸੂਮਾਂ ਨੂੰ ਕਤਲ ਨਹੀਂ ਕੀਤਾ ਤੇ ਨਾ ਹੀ ਨਿਰਦੋਸ਼ਾਂ ਦਾ ਮਾਲ ਲੁਟਿਆ। ਇਹੋ ਹੀ ਕਾਰਨ ਹੈ, ਮੁੱਠੀ ਭਰ ਸਿੰਘਾਂ ਨੇ ਸੱਚੇ ਬੀਰ-ਰਸ ਵਿਚ ਜਰਵਾਣਿਆਂ ਦੀਆਂ ਧੌਣਾਂ ਭੰਨੀਆ ਤੇ ਸਦੀਆਂ ਪੁਰਾਣੀ ਮੁਗਲ ਹਕੂਮਤ ਦੀ ਜੜ੍ਹ ਪੁੱਟ ਸੁੱਟੀ।

ਖੇਦ ਵਾਲੀ ਗੱਲ ਹੈ, ਅੱਜ ਉਹ ਸਿੰਘਾਂ ਵਾਲਾ ਆਚਰਣ ਅਲੋਪ ਹੁੰਦਾ ਜਾ ਰਿਹਾ ਹੈ। 'ਸਵਾ ਲਾਖ ਸੇ ਏਕ ਲੜਾਊਂ' ਵਾਲੀ ਸਪਿਰਿਟ ਮੱਧਮ ਪੈਂਦੀ ਜਾ ਰਹੀ ਹੈ। ਅੱਜ ਖਾਲਸੇ ਨੂੰ ਦੂਸਰਿਆਂ ਦੀਆਂ ਬਹੂ-ਬੇਟੀਆਂ ਦੀ ਪੱਤ ਬਚਾਉਣ ਦੀ ਬਜਾਇ ਆਪਣੀ ਪੱਤ ਦਾ ਫ਼ਿਕਰ ਪਿਆ ਹੋਇਆ ਹੈ। ਕੌਮ ਦੀ ਪਗੜੀ ਰੁਲ ਰਹੀ ਹੈ। ਇਸ ਦਾ ਕਾਰਨ ਇਹੋ ਹੋ ਸਕਦਾ ਹੈ ਕਿ ਅਸੀਂ ਗੁਰੂ ਦਾ ਦਰਸਾਇਆ ਸੱਚਾ ਮਾਰਗ ਭੁੱਲ ਬੈਠੇ ਹਾਂ। ਜੀਭ ਰਸ, ਚੁੰਚ ਗਿਆਨ, ਫ਼ੈਸ਼ਨ-ਪ੍ਰਸਤੀ ਤੇ ਬਿਪਰਨ ਕੀ ਰੀਤ ਆਦਿ ਵਿਸ਼ੇ-ਵਿਕਾਰਾਂ ਵਿਚ ਫਸ ਕੇ ਰਸਾਤਲ ਵਲ ਧੱਕੇ ਜਾ ਰਹੇ ਹਾਂ। ਬਕਰੇ ਝਟਕਾ ਕੇ ਤੇ ਸ਼ਰਾਬ, ਅਫ਼ੀਮ,ਭੰਗ ਆਦਿ ਨਸ਼ੇ ਕਰ ਕੇ ਹੋਲਾ ਮਹੱਲਾ ਮਨਾਉਣਾ, ਗੁਰਮਤਿ ਨਹੀਂ। ਮੁਰਦਾਰ ਮਾਸ ਨੂੰ ਮਹਾਂਪ੍ਰਸ਼ਾਦ ਨਾਮ ਭੀ ਇਹਨਾਂ ਅਖੌਤੀ ਜੀਭ ਦੇ ਸੁਆਦ ਵਿਚ ਗ੍ਰਸੇ ਲਿਖਾਰੀਆਂ ਨੇ ਦਿੱਤਾ ਹੈ। ਕੜਾਹ ਪ੍ਰਸ਼ਾਦ ਲਈ ਮਹਾਂ ਪ੍ਰਸ਼ਾਦ ਲਿਖਿਆ ਜ਼ਰੂਰ ਮਿਲਦਾ ਹੈ, ਪ੍ਰੰਤੂ ਅੱਜ ਕਲ੍ਹ ਜੀਭ ਦੇ ਚਸਕਾਲੂਆਂ ਨੇ ਇਹ ਪਵਿਤਰ ਸ਼ਬਦ ਮਾਸ ਲਈ ਪਰਚਲਤ ਕਰ ਲਿਆ ਹੈ। ਮਾਸ ਖਾਣ ਵਾਲਿਆਂ ਨੇ ਗੁਰਬਾਣੀ ਦੀਆਂ ਤੁਕਾਂ ਨੂੰ ਆਪਣੇ ਸੁਆਰਥ ਲਈ ਵਰਤ ਕੇ ਅਰਥ ਦੇ ਅਨਰਥ ਕਰ ਛੱਡੇ ਹਨ। ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਕੇ ਲੰਗਰ ਬਾਰੇ ਲਿਖਿਆ ਹੈ—"ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ"†। ਇਹੋ ਪ੍ਰੰਪਰਾ ਸੀਨਾ-ਬੁਸੀਨਾ ਗੁਰੂ ਕੇ ਲੰਗਰਾਂ ਵਿਚ ਪ੍ਰਧਾਨ ਹੈ। ਕਿਸੇ ਵੀ ਗੁਰਦੁਆਰੇ, ਗੁਰੂ ਕੇ ਲੰਗਰ ਵਿਚ ਮਾਸ ਨਹੀਂ ਬਣਦਾ। ਬਹੁਤ ਸਾਰੇ ਅਜ ਕਲ੍ਹ ਦੇ ਚੁੰਚ-ਗਿਆਨੀ ਮਾਸ ਦੇ ਵਿਸ਼ੇ ਨੂੰ ਆਪਣੀ ਚਰਚਾ ਦਾ ਮੂਲ ਵਿਸ਼ਾ ਬਣਾਉਂਦੇ ਹਨ, ਪ੍ਰੰਤੂ ਬਹਿਸ ਕਰਦੇ ਕਰਦੇ ਗੁਰਬਾਣੀ ਦੇ ਅੰਤਰੀਵ ਭਾਵ ਨੂੰ ਸਮਝਣ ਤੋਂ ਕੋਰੇ ਹੁੰਦੇ ਹਨ।

ਗੁਰੂ ਆਸ਼ੇ ਅਨੁਸਾਰ ਸਿੱਖ ਦਾ ਨਿਸ਼ਾਨਾ ਅਕਾਲ ਪੁਰਖ ਦੀ ਜੋਤਿ ਵਿਚ ਸਮਾਣਾ ਹੈ। ਇਹ ਸਿਰਫ਼ ਨਾਮ ਜਪਦਿਆਂ, ਸ਼ੁਭ ਕਰਮ ਕਰਦਿਆਂ ਤੇ ਸਾਤਵ ਅਹਾਰ ਕਰਦਿਆਂ ਹੀ ਮੁਮਕਨ ਹੋ ਸਕਦਾ ਹੈ। ਨਾਮ ਦਾ ਸੱਚਾ ਰਸ ਹੀ ਸਿੱਖ ਦਾ ਆਧਾਰ ਹੈ, ਬਾਕੀ ਸਭ ਰਸ ਖਿਨ ਭੰਗਰ ਬਿਨਸਣ ਵਾਲੇ ਹਨ।

"ਰਸੁ ਸੁਇਨਾ ਰਸੁ ਰੁਪਾ ਕਾਮਣਿ, ਰਸੁ ਪਰਮਲ ਕੀ ਵਾਸੁ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ, ਕੈ ਘਟਿ ਨਾਮ ਨਿਵਾਸੁ॥੨॥" (ਪੰਨਾ ੧੫)

ਸਾਡੇ ਭੁੱਲੜ ਲਿਖਾਰੀਆਂ ਨੇ ਆਪਣੀਆਂ ਕਰਤੂਤਾਂ ਨੂੰ ਲੁਕਾਣ ਖ਼ਾਤਰ ਭੰਗ ਦੇ ਮਾਰੂ ਨਸ਼ੇ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਵਰਗੀਆਂ ਮਹਾਨ ਪਵਿਤਰ ਹਸਤੀਆਂ ਨਾਲ ਜੋੜਨ ਤੋਂ ਵੀ ਸੰਕੋਚ ਨਹੀਂ ਕੀਤਾ। ਛੇਵੀਂ

* ਜਪੁਜੀ, ਪਉੜੀ ੧੬, ਪੰਨਾ ੩ † ਸਤੇ ਬਲਵੰਡ ਦੀ ਵਾਰ, ਪਉੜੀ ੩, ਪੰਨਾ ੯੬੭



www.AKJ.Org

ਪਾਤਸ਼ਾਹੀ ਦੇ ਗੁਰਬਿਲਾਸ ਦੇ ਅਧਿਆਇ ੧੮ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਭੰਗ ਪੀਣਾ ਲਿਖਿਆ ਹੈ–

"ਜਬੈ ਜਾਮ ਦਿਨ ਅਨਿ ਰਹਾਯੋ ॥ ਸ੍ਰੀ ਗੁਰੂ ਵਿਜਿਆ ਪਾਨ ਕਰਾਯੋ ॥"

ਗੁਰਪ੍ਰਤਾਪ ਸੂਰਜ ਦੀ ਰੁਤ ਤਿੰਨ ਦੇ ਅਧਿਆਇ ਇੱਕੋ ਵਿਚ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ :–

"ਤਾਂ ਤੇ ਸ੍ਰੀ ਮੁਖਵਾਕ ਉਚਾਰਾ । ਹੋਇ ਸੁਖੇ ਕੀ ਦੇਗ ਤਿਆਰਾ ।"
ਸਿੰਘ ਹੋਇ ਜਬ ਆਲੁਦਧਾਰੀ। ਮਾਦਕ ਚਹੀਏ ਅਨਦ ਮਝਾਰੀ ॥੩੧

ਭਾਵ ਕਿ ਦਸਵੇਂ ਪਾਤਸ਼ਾਹ ਨੇ ਭੰਗ ਜਾਂ ਸੁੱਖੇ ਦੀ ਦੇਗ ਤਿਆਰ ਕਰਨ ਦਾ ਹੁਕਮ ਦਿੱਤਾ। ਸਿੱਖ ਕੌਮ ਨੂੰ ਨਸ਼ਿਆਂ ਵਿਚ ਗ੍ਰਸਤ ਕਰ ਕੇ ਕਮਜ਼ੋਰ ਤੇ ਆਚਰਨਹੀਨ ਕਰਨਾ ਹੈ। ਦਰ-ਅਸਲ ਸਾਡੀ ਅਜੋਕੀ ਗਿਰਾਵਟ ਦਾ ਮੂਲ ਕਾਰਨ ਵੀ ਸਾਡੀ ਧਾਰਮਿਕ ਬਿਰਤੀ ਤੋਂ ਬੇਮੁਖਤਾ ਹੈ। ਅਫੀਮ ਬਾਰੇ ਭਾਈ ਸੁਖਾ ਸਿੰਘ ਜੀ ਦਸਵੇਂ ਗੁਰ-ਬਿਲਾਸ ਦੇ ਦਸਵੇਂ ਅਧਿਆਏ ਵਿਚ ਲਿਖਦ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਅਫ਼ੀਮ ਛਕਦੇ ਸਨ—

"ਬਿਜਿਆ ਧਰਛਤ (ਅਫੀਮ) ਅਮਰ ਮੰਗਾਵੈ ॥ ਆਪ ਛਕੈ ਪੁੰਨਿ ਅਵਰ ਦਿਆਵੈ ॥"

ਇਸੇ ਤਰ੍ਹਾਂ ਗੁਰ ਪ੍ਰਤਾਪ ਸੂਰਜ ਦੀ ਰੁਤ ਤਿੰਨ ਅਧਿਆਇ ਚਾਰ ਵਿਚ ਲਿਖਿਆ ਹੈ—

"ਯੁਤ ਛਤ੍ਰਧਾਰ (ਅਫ਼ੀਮ) ਸਤਿਗੁਰੂ ਛਕਾਇ ॥"

ਪਾਠਕ ਆਪ ਹੀ ਅੰਦਾਜ਼ਾ ਲਗਾ ਸਕਦੇ ਹਨ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਗੁਰੂ ਖਾਲਸੇ ਦੇ ਬਾਨੀ ਤੇ ਬਹਾਦਰ ਯੋਧੇ ਕੀ ਪੋਸਤੀ ਜਾ ਅਫ਼ੀਮੀ ਹੋ ਸਕਦੇ ਹਨ ? ਇਹਨਾਂ ਲਿਖਾਰੀਆਂ ਨੇ ਆਪਣੀਆਂ ਬੁਰੀਆਂ ਵਾਦੀਆਂ ਤੇ ਤਰੁੱਟੀਆਂ ਤੇ ਪਰਦਾ ਪਾਉਣ ਦਾ ਇਹ ਕੁਫਰ ਤੋਲਣ ਦਾ ਨਿਸਫਲ ਯਤਨ ਕੀਤਾ ਹੈ।

ਕੌਮ ਦੀ ਬਦਕਿਸਮਤੀ ਸਮਝਣੀ ਚਾਹੀਦੀ ਹੈ ਕਿ ਸਾਡੇ ਪੁਰਾਤਨ ਰਹਿਤਨਾਮਿਆਂ, ਜਿਨ੍ਹਾਂ ਤੋਂ ਅਸੀਂ ਸੇਧ ਲੈਣੀ ਹੈ, ਵਿਚ ਕਈ ਤਰ੍ਹਾਂ ਦਾ ਰਲਗੱਡ ਕੀਤਾ ਗਿਆ ਹੈ। ਸਾਡੇ ਧਾਰਮਿਕ ਲੀਡਰਾਂ ਤੇ ਬੁਧੀਜੀਵੀਆਂ ਪਾਸ ਵਕਤ ਹੀ ਨਹੀਂ ਕਿ ਉਹ ਖੋਜ ਕਰ ਕੇ ਗੁਰਮਤਿ ਗਾਡੀ ਰਾਹ ਤੇ ਚਲਣ ਦੀ ਪ੍ਰੇਰਨਾ ਦੇ ਸਕਣ। ਇਸ ਸਮੇਂ ਲੋੜ ਹੈ ਗੁਰਬਾਨੀ ਨੂੰ ਵੀਚਾਰ ਕੇ ਆਪਣੇ ਜੀਵਨ ਨੂੰ ਗਾਡੀ ਰਾਹ ਤੇ ਢਾਲਣ ਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਾਡੇ ਪਾਸ ਇਕ ਸੱਚੀ ਕਸਵਟੀ ਹੈ। ਪੁਰਾਤਨ ਸਾਖੀਆਂ ਤੇ ਰਹਿਤਨਾਮੇ ਇਸ ਕਸੌਟੀ ਤੇ ਪਰਖੇ ਜਾ ਸਕਦੇ ਹਨ।

ਗੁਰਬਾਣੀ ਦੀ ਵੀਚਾਰ ਕੀਤੇ ਬਿਨਾਂ ਸਾਡੇ ਕਈ ਭੁਲੜ ਲਿਖਾਰੀ ਇਹ ਲਿਖ ਗਏ ਕਿ ਖ਼ਾਲਸਾ ਪੰਥ ਸਜਾਉਣ ਸਮੇਂ ਦਸਮੇਸ਼ ਜੀ ਨੇ ਪੰਜ ਸਿੰਘਾਂ ਦੀ ਬਜਾਏ ਪੰਜ ਬਕਰੇ ਝਟਕਾਉਣ ਦਾ ਨਾਟਕ ਰਚਿਆ। ਸਮਰੱਥ ਗੁਰੂ ਨਾਲ ਇਹ ਕਿੱਡਾ ਵਡਾ ਮਖ਼ੌਲ ਇਹਨਾਂ ਅਖੌਤੀ ਬੁਧੀਜੀਵੀਆਂ ਨੇ ਕੀਤਾ। "ਸਤਿਗੁਰੁ ਮੇਰਾ ਮਾਰਿ ਜੀਵਾਲੈ"* ਗੁਰੂ-ਵਾਕ ਪ੍ਰਤੱਖ ਹੈ, ਪਰ ਇਹਨਾਂ ਨੂੰ ਯਕੀਨ ਨਹੀਂ।

ਆਓ ! ਸਤਿਗੁਰੂ ਜੀ ਦੇ ਹੁਕਮਾਂ ਮੁਤਾਬਿਕ ਹੋਲਾ ਮਹੱਲਾ ਖੇਡੀਏ, ਨਾ ਕਿ ਬਿਪਰੀਤ ਬੁਧੀ ਵਾਲੇ ਲੋਕਾਂ ਵਾਂਗ ਮਾਸ ਦੇ ਡਲੇ ਛਕ ਕੇ ਅਤੇ ਭੰਗਾਂ ਪੀ ਕੇ ਦੁਨੀਆ ਨੂੰ ਆਪਣਾ ਤਮਾਸ਼ਾ ਦਿਖਾਈਏ। ਸੱਚੀ ਦਰਗਾਹ ਵਿਚ ਓਹੋ ਸਨਮਾਨੇ ਜਾਣਗੇ ਜੋ ਨਾਮ-ਰੰਗਾਂ ਵਿਚ ਰਤੇ ਹੋਏ ਬੀਰ ਰਸੀ ਜੌਹਰ ਦਿਖਾਂਦੇ ਹੋਏ ਦੀਨਾਂ ਦੁਖੀਆਂ ਲਈ ਆਪਾ ਵਾਰ ਜਾਂਦੇ ਹਨ। ਗੁਰ ਫ਼ੁਰਮਾਨ ਹੈ–

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥੩੫॥ (ਪੰਨਾ ੬੮੦)

ਅਤੇ–ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥(੧੧੦੫)

ਹੋਲੀ ਬਾਰੇ, ਰੰਗ ਗੁਲਾਲ ਛਿੜਕਾ ਕੇ ਕਪੜੇ ਖ਼ਰਾਬ ਕਰਨ ਦੀ ਬਜਾਇ, ਗੁਰੂ ਫੁਰਮਾਨ ਹੈ—

ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥...੧॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥ (ਪੰਨਾ ੧੧੮੦)

* ਭੈਰਉ ਮਹਲਾ ੫, ਪੰਨਾ ੧੧੪੨



www.AKJ.Org

# ਨਿੰਦਾ ਭਲੀ ਕਿਸੈ ਕੀ ਨਾਹੀ

[ ਪ੍ਰੋ: ਹਰਨਾਮ ਸਿੰਘ ਜੀ, W–139 ਗਰੇਟਰ ਕੈਲਾਸ਼, ਨਵੀਂ ਦਿਲੀ-48 ]

ਕਿਸੇ ਸਾਧਾਰਨ ਵਿਅਕਤੀ, ਮਹਾਪੁਰਸ਼, ਕਿਸੇ ਪਤਵੰਤੇ ਜਾਂ ਗੁਰੂ ਪੀਰ ਦੀ ਉਸਦੀ ਪਿੱਠ ਪਿਛੇ, ਉਸ ਦੀਆਂ ਮਨਘੜਤ ਤੇ ਝੂਠੀਆਂ ਤਰੁੱਟੀਆਂ ਨੂੰ ਵਧਾ ਚੜ੍ਹਾ ਕੇ ਲੋਕਾਂ ਵਿਚ ਉਸਨੂੰ ਨੀਵਾਂ ਬਣਾ ਕੇ ਪੇਸ਼ ਕਰਨਾ, ਨਿੰਦਾ ਕਹੀ ਜਾਂਦੀ ਹੈ। ਇਸ ਕੰਮ ਵਿਚ ਲਗੇ ਹੋਇ ਬੰਦੇ ਨੂੰ ਨਿੰਦਕ ਕਿਹਾ ਜਾਂਦਾ ਹੈ।

ਨਿੰਦਾ ਕਰਨ ਵਾਲਾ ਹਉਮੈ ਦੇ ਜਾਲ ਵਿਚ ਫਸ ਕੇ ਆਪਣੀ ਵਡਿਆਈ ਤੇ ਦੂਜੇ ਦੇ ਦੋਸ਼ਾਂ ਨੂੰ ਗੋਸ਼ਟੀਆਂ, ਧਾਰਮਕ ਜਾਂ ਰਾਜਨੀਤਕ ਇਕੱਠਾਂ ਵਿਚ ਵਧਾ ਚੜ੍ਹਾ ਕੇ ਪੇਸ਼ ਕਰਦਾ ਹੈ। ਇਸ ਤਰ੍ਹਾਂ ਕਰਦਿਆਂ ਅਸਲ ਵਿਚ ਨਿੰਦਕ ਆਪਣੀਆਂ ਹੀ ਕਮਜ਼ੋਰੀਆਂ ਤੇ ਪਰਦਾ ਪਾਂਦਾ ਹੈ। ਗੁਰਮਤਿ ਵਿਚ ਨਿੰਦਾ ਨੂੰ ਘੋਰ ਪਾਪ ਸਮਝਿਆ ਗਿਆ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਥਾਵਾਂ ਤੇ ਨਿੰਦਕ ਨੂੰ ਨਿੰਦਾ ਕਰਨ ਤੋਂ ਵਰਜਿਆ ਗਿਆ ਹੈ। ਨਿੰਦਾ ਦੀ ਗਿਣਤੀ ਤਿੰਨ ਬਜਰ ਪਾਪਾਂ ਵਿਚ ਕੀਤੀ ਗਈ ਹੈ–

ਪਰ-ਧਨ, ਪਰ-ਤਨ, ਪਰ ਕੀ ਨਿੰਦਾ, ਇਨ ਸਿਉ ਪ੍ਰੀਤਿ ਨ ਲਾਰੇ ।।੨।।੧੪।।

ਧਨਾਸਰੀ ਮ: ੫–੬੭੪

ਇਸ ਤੋਂ ਸਪੱਸ਼ਟ ਹੈ ਕਿ ਨਿੰਦਾ ਉਤਨਾ ਹੀ ਘੋਰ ਅਪਰਾਧ ਹੈ, ਜਿਤਨਾ ਕਿ ਪਰਧਨ ਅਤੇ ਪਰਤਨ ਤੇ ਅਧਿਕਾਰ ਜਮਾਣਾ ਹੈ। ਕਬੀਰ ਜੀ ਨੇ ਵੀ ਇਸਦੀ ਪੁਸ਼ਟੀ ਕੀਤੀ ਹੈ–

ਪਰ-ਧਨ ਪਰ-ਤਨ ਪਰ ਤੀ ਨਿੰਦਾ ਪਰ-ਅਪਵਾਦੁ ਨ ਛੂਟੈ ।।੨।।੮।।

ਰਾਮਕਲੀ ਕਬੀਰ ਜੀ–੯੭੧

ਮਨੁਖ ਦੀ ਇਹ ਆਦਤ ਬਣ ਚੁਕੀ ਹੈ ਕਿ ਉਹ ਨਿੰਦਾ, ਪਰਤਨ ਤੇ ਪਰਧਨ, ਪਰ-ਅਪਬਾਦ ਤੋਂ ਆਪਣਾ ਪਲਾ ਛੁੜਾ ਨਹੀਂ ਰਿਹਾ, ਸਗੋਂ ਉਹ ਇਨ੍ਹਾਂ ਵਿਚ ਦਿਨੇ ਰਾਤ ਗਲਤਾਨ ਹੋ ਰਿਹਾ ਹੈ।

ਨਿੰਦਾ ਇਕ ਭਾਰ ਹੈ, ਜਿਸ ਨੂੰ ਨਿੰਦਕ ਸਿਰ ਤੇ ਚੁਕੀ ਫਿਰਦਾ ਹੈ :–

ਅਸੰਖ ਨਿੰਦਕ ਸਿਰਿ ਕਰਹਿ ਭਾਰੁ ।।੪।। (ਜਪੁਜੀ)

ਨਿੰਦਕ ਦਾ ਸੰਸਾਰ ਤੇ ਆਇਆ ਨਿਫਲ ਹੁੰਦਾ ਹੈ। ਨਿੰਦਾ ਕਰਕੇ ਉਸ ਨੇ ਆਪਣਾ ਮਨੁਖਾ ਜਨਮ ਵਿਅਰਥ ਹੀ ਗੁਆ ਲਿਆ ਹੈ, ਆਪਣਾ ਮੂੰਹ ਉੱਜਲ ਕਰਨ ਦੀ ਥਾਂ ਸਗੋਂ ਮੂੰਹ ਤੇ ਕਾਲਖ ਮਲ ਲਈ ਹੈ।

ਨਿੰਦਕ ਅਹਿਲਾ ਜਨਮੁ ਗਵਾਇਆ ।।੧।।ਰਹਾਉ।।੪੧।। ਆਸਾ ਮ: ੫–੩੮੦

ਨਿੰਦਕ ਨੂੰ ਗੁਰਬਾਣੀ ਅਨੁਸਾਰ ਲੋਕ ਤੇ ਪਰਲੋਕ ਵਿਚ ਕਿਧਰੇ ਵੀ ਢੋਈ ਨਹੀਂ ਮਿਲਦੀ–

ਨਿੰਦਕ ਕੀ ਗਤਿ ਕਤਹੂ ਨਾਹੀ ਖਸਮੈ ਏਵੈ ਭਾਣਾ ।।੨।।੪੧।। ਆਸਾ ਮ: ਮ–੩੮੧

ਓਸੁ ਅਗੈ ਪਿਛੈ ਢੋਈ ਨਾਹੀ, ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ ।।੨।।੧੩।।

ਵਾਰ ਗਉੜੀ, ਮ: ੪–੩੦੭

ਨਿੰਦਕ ਨੂੰ ਤਾਂ ਨਿੰਦਾ ਕਰਨ ਨਾਲ ਰਸ ਆਉਂਦਾ ਹੈ, ਮੂੰਹ ਨਾਲ ਅੰਬ ਚੂਸਣ ਵਾਂਗ ਉਸਦੀ ਜਿਹਬਾ ਨਿੰਦਾ ਕਰਦੀ ਹੋਈ ਸੁਆਦ ਲੈਂਦੀ ਹੈ। ਨਿੰਦਾ ਸ਼ਾਇਦ ਨਿੰਦਕ ਲਈ ਨਸ਼ਾ ਹੈ।

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨਾਲ ਅਖਾਉਤੀ ਤਪੇ ਨੇ ਗੋਇੰਦਵਾਲ ਵਿਚ ਈਰਖਾ ਕੀਤੀ। ਲੋਕਾਂ ਵਿਚ ਆਪਣਾ ਪ੍ਰਭਾਵ ਜਮਾਣ ਲਈ ਗੁਰਦੇਵ ਦੀ ਨਿੰਦਾ ਕੀਤੀ, ਪਰ ਵਾਹਿਗੁਰੂ ਨੇ ਉਸ ਨੂੰ ਉਸ ਦੇ ਕੁਕਰਮ ਦੀ ਤਕੜੀ ਸਜ਼ਾ ਦਿਤੀ।

ਚੌਥੇ ਪਾਤਸ਼ਾਹ ਦਾ ਫੁਰਮਾਨ ਹੈ—

ਸਤਪੁਰਖ ਕੀ ਤਪਾ ਨਿੰਦਾ ਕਰੈ,ਸੰਸਾਰੈ ਕੀ ਉਸਤਤਿ ਵਿਚਿ ਹੋਵੈ,ਏਤੁ ਦੋਖੈ ਤਪਾ ਦਯਿ ਮਾਰਿਆ ॥



www.AKJ.Org

ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ,
ਸਭੁ ਗਇਆ ਤਪੇ ਕਾ ਘਾਲਿਆ ॥੧॥੩੦॥ (ਸਲੋਕ ਮ: ੪—੩੧੫

ਇਸ ਤਰ੍ਹਾਂ ਗੁਰਦੇਵ ਦੀ ਨਿੰਦਾ ਕਰ ਕੇ ਤਪੇ ਨੇ ਆਪਣਾ ਆਪ ਨਸ਼ਟ ਕਰ ਲਿਆ। ਉਹ ਨਿੰਦਾ ਕਰਦਾ ਹੋਇਆ ਦੁਖੀ ਹੋ ਕੇ ਮਰਿਆ। ਸਤਿਗੁਰਾਂ ਵਲੋਂ ਫਿਟਕਾਰੇ ਹੋਇ ਤਪੇ ਨੂੰ ਓਸ ਨਰਕ ਵਿਚ ਸੁਟਿਆ ਗਿਆ ਜਿਥੇ ਘੋਰ ਪਾਪੀ ਤੇ ਅਪਰਾਧੀ, ਸਰਾਪੇ ਹੋਇ ਜੀਵ ਸੁਟੇ ਗਏ ਸਨ।

ਰਬਾਬੀ ਸਤਾ ਤੇ ਬਲਵੰਡ ਨੇ ਹਉਮੈ ਦੇ ਪ੍ਰਭਾਵ ਅਧੀਨ ਮਹਾਨ ਭੁਲ ਕਰ ਕੇ ਸਤਿਗੁਰਾਂ ਦੀ ਨਿੰਦਾ ਕੀਤੀ। ਸਹਿਨਸ਼ੀਲਤਾ ਦੇ ਪੁੰਜ ਪੰਚਮ ਪਾਤਸ਼ਾਹ ਆਪਣੇ ਸਤਿਗੁਰਾਂ ਦੀ ਨਿੰਦਾ ਕਿਵੇਂ ਸੁਣ ਸਕਦੇ ਸਨ ? ਸਤਿਗੁਰਾਂ ਦੀ ਨਿੰਦਾ ਸੁਣ ਕੇ ਆਪ ਨੇ ਸਹਿਜ ਸੁਭਾਏ ਬਚਨ ਕੀਤੇ ਕਿ ਇਹ ਹੰਕਾਰੇ ਹੋਏ ਫਿਟ ਗਏ ਹਨ, ਇਨ੍ਹਾਂ ਨੂੰ ਕੋਈ ਮੂੰਹ ਨਾ ਲਾਵੇ। ਆਪ ਦੇ ਮੁਖਾਰਬਿੰਦ ਤੋਂ ਸਹਿਵਨ ਨਿਕਲੇ ਬਚਨਾਂ ਸਦਕਾ ਇਨ੍ਹਾਂ ਦੇ ਸਰੀਰ ਫਿਟ ਗਏ, ਕੋੜ੍ਹ ਦਾ ਮਹਾਂ ਰੋਗ ਚੰਬੜ ਗਿਆ। ਕੋਈ ਉਨ੍ਹਾਂ ਨੂੰ ਮੂੰਹ ਨਾ ਲਾਵੇ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਬਖਸ਼ਾਉਣ ਵਾਲੇ ਲਈ ਵੀ ਸਖ਼ਤ ਸ਼ਰਤ ਰਖ ਦਿਤੀ। ਭਾਈ ਲੱਧਾ ਪਰਉਪਕਾਰੀ ਨੇ ਉਸ ਸ਼ਰਤ ਨੂੰ ਪੂਰਾ ਕਰਦਿਆਂ ਉਨ੍ਹਾਂ ਨੂੰ ਬਖਸ਼ਵਾ ਦਿਤਾ ਤੇ ਪ੍ਰਾਸ਼ਚਿਤ ਵਜੋਂ ਉਨ੍ਹਾਂ ਨੇ ਗੁਰ-ਉਸਤਤਿ ਵਿਚ ਵਾਰ ਰਚੀ। ਇਸ ਵਿਚ ਨਿੰਦਾ ਕਰਨ ਵਾਲੇ ਦੀ ਦਸ਼ਾ, ਆਪਣੇ-ਨਿਜ-ਪਰਤਾਏ-ਤਜਰਬੇ ਦੇ ਆਧਾਰ ਤੇ ਦਸਦਿਆਂ ਕਿਹਾ ਗਿਆ ਹੈ—

ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ ॥੫॥ (ਰਾਮਕਲੀ ਵਾਰ ਸਤਾ ਤੇ ਬਲਵੰਡ—੯੬੭)

ਨਿੰਮ੍ਰਤਾ ਦਾ ਧਾਰਨੀ ਮਨੁਖ ਨਿੰਦਾ ਦੇ ਪਾਪ ਤੋਂ ਬਚਿਆ ਰਹਿੰਦਾ ਹੈ, ਪਰ ਹਉਮੈ ਨਿੰਦਕ ਨੂੰ ਨਿੰਦਾ ਕਰਨ ਲਈ ਉਕਸਾਉਂਦੀ ਰਹਿੰਦੀ ਹੈ। ਨਿੰਦਾ ਕਰਨ ਵਾਲੇ ਦਾ ਵਰਤਾਓ ਤੇ ਆਚਾਰ ਵਿਹਾਰ ਮੈਲਾ ਹੋ ਜਾਂਦਾ ਹੈ—

ਨਿੰਦਕ ਕਉ ਫਿਟਕੇ ਸੰਸਾਰੁ ॥ ਨਿੰਦਕ ਕਾ ਝੂਠਾ ਬਿਉਹਾਰੁ ॥
ਨਿੰਦਕ ਕਾ ਮੈਲਾ ਆਚਾਰੁ ॥ (ਭੈਰਉ ਮ: ੫—੧੧੫੧)

ਇਸ ਪ੍ਰਕਾਰ ਗੁਰਬਾਣੀ ਵਿਚ ਨਿੰਦਕ ਲਈ ਇਤਨੇ ਕਠੋਰ ਦੰਡ ਰਖੇ ਗਏ ਹਨ ਕਿ ਉਸਨੂੰ ਕਿਧਰੇ ਵੀ ਢੋਈ ਨਹੀਂ ਮਿਲਦੀ। ਪਰ ਇਸ ਦੇ ਵਿਪਰੀਤ ਮਹਾਪੁਰਸ਼ ਨਿੰਦਕ ਤੋਂ ਡਰਨ ਦੀ ਥਾਂ ਉਸ ਨੂੰ ਨਿੰਦਾ ਕਰਨ ਲਈ ਸੱਦਾ ਦਿੰਦੇ ਹਨ। ਉਨ੍ਹਾਂ ਨੂੰ ਨਿੰਦਕ ਇਸ ਲਈ ਚੰਗਾ ਲਗਦਾ ਹੈ, ਕਿਉਂਕਿ ਉਹ ਨਿੰਦਾ ਕਰ ਕੇ ਉਨ੍ਹਾਂ ਦਾ ਭਾਰ ਆਪਣੇ ਸਿਰ ਤੇ ਲੈਂਦਾ ਹੈ। ਉਨ੍ਹਾਂ ਦੀ ਮੈਲ ਉਤਾਰ ਕੇ ਆਪਣੇ ਮਨ ਵਿਚ ਨਿੰਦਾ ਦੀ ਮੈਲ ਭਰ ਲੈਂਦਾ ਹੈ।

—ਨਿੰਦਕੁ ਨਿੰਦੈ ਮੁਝੈ ਪਿਆਰਾ ॥੧॥ਰਹਾਉ॥੧੨॥ ਪ੍ਰਭਾਤੀ ਮ: ੧—੧੩੩੦
ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥
—ਨਿੰਦਾ ਜਨ ਕਉ ਖਰੀ ਪਿਆਰੀ ॥ ਨਿੰਦਾ ਬਾਪੁ ਨਿੰਦਾ ਮਹਿਤਾਰੀ ॥੧॥ਰਹਾਉ॥
ਨਿੰਦਾ ਹੋਇ ਤ ਬੈਕੁੰਠਿ ਜਾਈਐ ॥...ਰਿਦੈ ਸੁਧ ਜੌ ਨਿੰਦਾ ਹੋਇ ॥ ਹਮਰੇ ਕਪਰੇ ਨਿੰਦਕੁ ਧੋਇ॥੧॥
ਨਿੰਦਾ ਕਰੈ ਸੁ ਹਮਰਾ ਮੀਤੁ ॥...੨॥੭੧॥ (ਗਉੜੀ ਕਬੀਰ ਜੀ—੩੩੯)

ਨਿੰਦਾ ਨਾਲ ਮਹਾਪੁਰਸ਼ਾਂ ਦਾ ਕੁਝ ਨਹੀਂ ਵਿਗੜਦਾ। ਉਹ ਪਰਬਤ ਵਾਂਗ ਅਡੋਲ ਰਹਿੰਦੇ ਹਨ। ਪਰ ਨਿੰਦਕ ਆਪਣੀ ਬਰਬਾਦੀ ਦਾ ਕਾਰਨ ਆਪ ਹੀ ਬਣਦਾ ਹੈ—

ਪਾਰਬ੍ਰਹਮ ਪਰਮੇਸਰਿ ਜਨ ਰਾਖੇ, ਨਿੰਦਕ ਕੈ ਸਿਰਿ ਕੜਕਿਓ ਕਾਲੁ ॥੧॥ਰਹਾਉ॥......
ਨਿੰਦਕ ਕਉ ਲਾਗੈ ਦੁਖੁ ਸਾਂਗੈ ॥...੩॥੫੪॥ (ਭੈਰਉ ਮ: ੫—੧੧੫੨)

ਇਹੋ ਜਿਹਾ ਪਾਪ-ਕਰਮ ਕੇਵਲ ਉਹੀ ਵਿਅਕਤੀ ਕਰਦਾ ਹੈ, ਜਿਸ ਨੇ ਪ੍ਰਭੂ ਨੂੰ ਵਿਸਾਰ ਦਿਤਾ ਹੁੰਦਾ ਹੈ। ਜਿਸ ਦੇ ਹਿਰਦੇ ਵਿਚ ਵਾਹਿਗੁਰੂ ਦਾ ਭੈ ਹੁੰਦਾ ਹੈ ਉਹ ਇਸ ਪਾਪ ਤੋਂ ਬਚਿਆ ਰਹਿੰਦਾ ਹੈ।

ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ,
ਹਰਿ ਜਨ ਸਿਉ ਬਾਦੁ ਉਠਰੀਐ ॥੨॥੯॥੯੫॥ (ਬਿਲਾਵਲੁ ਮ: ੫—੮੨੩)



www.AKJ.Org

ਨਿੰਦਕ ਨਿੰਦਾ ਕਰਨ ਲਗਿਆਂ ਕਿਸੇ ਨੂੰ ਵੀ ਨਹੀਂ ਬਖ਼ਸ਼ਦਾ। ਉਹ ਪ੍ਰਭੂ ਪਿਆਰਿਆਂ ਦੀ ਨਿੰਦਾ ਕਰਨ ਤੋਂ ਵੀ ਸੰਕੋਚ ਨਹੀਂ ਕਰਦਾ। ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਤੇ ਆਪਣਾ ਝੂਠਾ ਮਾਨ ਸਨਮਾਨ ਕਾਇਮ ਕਰਨ ਲਈ ਉਹ 'ਧੁਰ ਕੀ ਬਾਣੀ' ਤੇ ਬਾਣੀ ਉਚਾਰਨ ਕਰਨ ਵਾਲੇ ਸਚੇ ਗੁਰੂਆਂ ਤੇ ਵੀ ਨਿੰਦਾ ਦਾ ਹਮਲਾ ਕਰਦਾ ਹੈ।

ਅਪਰੈਲ ੧੯੭੮ ਵਿਚ ਨਕਲੀ ਨਿਰੰਕਾਰੀਆਂ ਨੂੰ ਗੁਰੂਆਂ ਦੀ ਨਿੰਦਾ ਦੇ ਪਾਪ ਕਰਮ ਤੋਂ ਰੋਕਣ ਲਈ ੧੩ ਗੁਰਸਿਖਾਂ ਨੇ ਆਪਣਾ ਬਲੀਦਾਨ ਦੇ ਦਿਤਾ। ਇਸ ਘਟਨਾ ਨੇ ਸਿੱਧ ਕਰ ਦਿਤਾ ਕਿ ਗੁਰੂ ਕੇ ਲਾਲ ਗੁਰਦੇਵ ਦੀ ਨਿੰਦਾ ਨੂੰ ਕਿਸੇ ਤਰ੍ਹਾਂ ਵੀ ਸਹਿਨ ਨਹੀਂ ਕਰ ਸਕਦੇ। ਤੇ ਨਿੰਦਕ ਕਤਲ ਕਰਨ ਦੇ ਮਹਾਨ ਅਪਰਾਧ ਤੋਂ ਵੀ ਨਹੀਂ ਹਟਦਾ, ਨਿੰਦਾ ਦੇ ਮਦ ਵਿਚ ਮਾਤਾ ਨਿੰਦਕ ਵਡੇ ਤੋਂ ਵੱਡਾ ਅਪਰਾਧ ਵੀ ਕਰ ਸਕਦਾ ਹੈ। ਪਰ ਨਿੰਦਕ ਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਉਹ ਨਿੰਦਾ ਦੇ ਸਾਗਰ ਵਿਚ ਗੋਤੇ ਖਾਂਦਾ ਹੋਇਆ ਡੁਬ ਕੇ ਮਰੇਗਾ ਤੇ ਉੱਚੀਆਂ ਰੂਹਾਂ ਡੰਕੇ ਦੀ ਚੋਟ ਨਾਲ ਸੰਸਾਰ ਸਾਗਰ ਤੋਂ ਪਾਰ ਹੋ ਜਾਣਗੀਆਂ।

ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥ (ਗਉੜੀ ਕਬੀਰ ਜੀ–੩੩੯)

ਸਭੇ ਸਿਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ ॥
ਨਿੰਦਕ ਪਕੜਿ ਪਛਾੜਿਅਨੁ ਝੂਠੇ ਦਰਬਾਰੇ ॥੨॥੨੦॥ (ਗਉੜੀ ਵਾਰ, ਸਲੋਕ ਮ: ੫–੩੨?)

ਇਸ ਤਰ੍ਹਾਂ ਗੁਰਬਾਣੀ ਨੇ ਇਸ ਤੱਥ ਦੀ ਪੁਸ਼ਟੀ ਕਰ ਦਿਤੀ ਹੈ।

ਗੁਰਬਾਣੀ ਕਿਸੇ ਮਹਾਂ ਪੁਰਸ਼, ਗੁਰੂ ਪੀਰ ਜਾਂ ਉਚ ਵਿਅਕਤੀ ਦੀ ਨਿੰਦਾ ਕਰਨ ਤੋਂ ਜਿਥੇ ਰੋਕਦੀ ਹੈ ਅਤੇ ਸਖ਼ਤ ਤਾੜਨਾ ਕਰਦੀ ਹੈ ਉਥੇ ਇਸ ਗੱਲ ਨੂੰ ਵੀ ਸਪੱਸ਼ਟ ਕਰਦੀ ਹੈ ਕਿ ਕਿਸੇ ਦੀ ਵੀ ਨਿੰਦਾ ਕਰਨੀ ਬਜਰ ਪਾਪ ਹੈ; ਫ਼ਰਮਾਨ ਹੈ— ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥

ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥ (ਸੂਹੀ ਮ: ੩–੭੫੫)

ਗੁਰੂ ਦੇ ਲੜ-ਲਗੇ, ਗੁਰੂ ਮਾਰਗ ਤੇ ਚਲਣ ਵਾਲੇ, ਨਿਰਬਾਣ ਪਦ ਨੂੰ ਖੋਜਣ ਵਾਲੇ ਗੁਰਸਿਖਾਂ ਨੂੰ ਸਤਿਗੁਰੂ ਪਾਤਿਸ਼ਾਹ ਇਥੋਂ ਤਕ ਤਾਕੀਦ ਕਰਦੇ ਹਨ ਕਿ ਗੁਰਸਿਖ ਨਿੰਦਿਆ ਅਤੇ ਉਸਤਤਿ ਦੋਹਾਂ ਵਿਚ ਹੀ ਨਾ ਪਵੇ; ਉਹ ਨਾ ਕਿਸੇ ਦੀ ਨਿੰਦਿਆ ਕਰੇ ਅਤੇ ਨਾ ਹੀ ਫ਼ਜ਼ੂਲ ਉਸਤਤਿ ਵਿਚ ਆਪਣਾ ਆਪ ਉਲਝਾਵੇ; ਉਹ ਨਿੰਦਾ ਉਸਤਤਿ ਦੋਹਾਂ ਤੋਂ ਬਚ ਕੇ ਰਵ੍ਹੇ। ਗੁਰ-ਫ਼ੁਰਮਾਨ ਹੈ—

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ, ਕਿਨਹੂੰ ਗੁਰਮੁਖਿ ਜਾਨਾ ॥੨॥੧॥ (ਗਉੜੀ ਮ: ੯–੨੧੯)

ਗੁਰਮਤਿ ਵਿਚ ਦਰਸਾਏ ਇਸ ਸੁਨਹਿਰੇ ਅਸੂਲ ਤੇ ਅਮਲ ਕਰਦਿਆਂ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਨੇ ਇਕ ਮਰਯਾਦਾ ਬਣਾ ਦਿਤੀ ਸੀ ਕਿ ਸ਼ਾਮ ਨੂੰ ਸੋਦਰ ਦੇ ਪਾਠ ਤੋਂ ਪਹਿਲਾਂ ਜਿਤਨੇ ਵੀ ਸਿੰਘ ਹਾਜ਼ਰ ਹੁੰਦੇ ਸਨ, ਉਨ੍ਹਾਂ ਸਾਰਿਆਂ ਨੂੰ ਨਿਤ ਵਾਰੀ ਵਾਰੀ ਸਤਾ ਬਲਵੰਡ ਦੀ ਵਾਰ ਦਾ ਪਾਠ ਕਰਨਾ ਹੁੰਦਾ ਸੀ। ਸੇਵਾ ਵਿਚ ਰਹਿੰਦੇ ਇਕ ਸਿੰਘ ਨੇ ਜਦੋਂ ਆਪ ਪਾਸੋਂ ਇਸ ਮਰਯਾਦਾ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਪੁਛਿਆ ਤਾਂ ਆਪ ਨੇ ਉਤਰ ਦਿੰਦਿਆਂ ਕਿਹਾ ਕਿ ਇਹ ਵਾਰ ਨਿੰਦਾ ਮਗਰੋਂ ਪ੍ਰਾਸ਼ਚਿਤ ਦੇ ਰੂਪ ਵਿਚ ਉਚਾਰੀ ਗਈ ਸੀ। ਅਸੀਂ ਦੁਨੀਆਦਾਰ ਸਾਰਾ ਦਿਨ ਜਾਣੇ ਅਨਜਾਣੇ ਨਿੰਦਾ ਕਰੀ ਜਾਂਦੇ ਹਾਂ, ਇਸ ਲਈ ਸ਼ਾਮ ਨੂੰ ਇਸ ਵਾਰ ਦਾ ਪਾਠ ਕਰ ਕੇ ਦਿਨ ਵਿਚ ਕੀਤੀ ਗਈ ਨਿੰਦਾ ਦੀ ਭੁਲ ਬਖਸ਼ਾ ਲਈ ਜਾਂਦੀ ਹੈ। ਕਿਤਨਾ ਸੁੰਦਰ ਢੰਗ ਹੈ ਇਸ ਪਾਪ-ਕਰਮ ਤੋਂ ਬਚਣ ਦਾ। ਸਤੇ ਬਲਵੰਡ ਦੀ ਵਾਰ ਗੁਰਸਿਖ ਨੂੰ ਨਿੰਦਾ ਕਰਨ ਤੋਂ ਹੋੜਦੀ ਹੈ।

ਇਸ ਤਰ੍ਹਾਂ ਗੁਰੂ ਦਾ ਸਿਖ, ਨਾਮ ਬਾਣੀ ਦਾ ਰਸੀਆ, ਹਿਰਦੇ ਵਿਚ ਵਾਹਿਗੁਰੂ ਦਾ ਭਉ ਤੇ ਭਾਉ ਰਖਣ ਵਾਲਾ ਨਾ ਤਾਂ ਕਿਸੇ ਦੀ ਨਿੰਦਾ ਸੁਣਦਾ ਹੈ ਤੇ ਨਾ ਹੀ ਨਿੰਦਾ ਕਰਦਾ ਹੈ। ਉਹ ਤਾਂ ਸਗੋਂ ਨਿੰਦਕ ਨੂੰ ਇਸ ਪਾਪ-ਕਰਮ ਤੋਂ ਰੋਕਦਾ ਹੈ। ਏਸੇ ਲਈ ਉਹ ਇਸ ਸੰਸਾਰ ਤੋਂ ਉੱਜਲ ਮੁਖ ਲੈ ਕੇ ਵਾਹਿਗੁਰੂ ਦੀ ਦਰਗਾਹ ਵਿਚ ਜਾ ਕੇ ਮਾਣ ਪ੍ਰਾਪਤ ਕਰਨ ਦਾ ਪਾਤਰ ਬਣਦਾ ਹੈ।



www.AKJ.Org

# ਗੁਰਮਤਿ ਵਿਚ ਕਰਾਮਾਤਾਂ

[ਪ੍ਰੋਫ਼ੈਸਰ ਗੁਰਮੁਖ ਸਿੰਘ ਜੀ]

ਅਜੋਕੇ ਸਾਇੰਸ ਦੇ ਜੁਗ ਵਿਚ ਪੜ੍ਹੀ-ਲਿਖੀ ਲੁਕਾਈ, ਕੀ ਭਾਰਤੀ ਅਤੇ ਕੀ ਵਿਦੇਸ਼ੀ, ਕਰਾਮਾਤਾਂ ਵਿਚ ਬਹੁਤਾ ਵਿਸ਼ਵਾਸ ਨਹੀਂ ਰਖਦੀ। ਪਰ ਇਸਦਾ ਭਾਵ ਇਹ ਨਹੀਂ ਕਿ ਕਰਾਮਾਤ (Mystical Power) ਹੁੰਦੀ ਹੀ ਨਹੀਂ। ਸਿੰਘਾਂ ਦੇ ਬੋਲ ਵਿਚ ਕਰਾਮਾਤ ਨੂੰ ਅਕਾਲੀ ਸ਼ਕਤੀਆਂ ਕਿਹਾ ਜਾਂਦਾ ਹੈ। ਹੁਣ ਭੀ ਭਾਰਤ ਵਿਚ ਖ਼ਾਸ ਕਰਕੇ ਕੁਝ ਲੋਕ ਕਰਾਮਾਤਾਂ ਅਥਵਾ ਮੰਤਰਾਂ ਦਾ ਖੁਲ੍ਹੇਆਮ ਪਰਦਸ਼ਨ ਕਰਦੇ ਹਨ।

ਪਰ ਸਵਾਲ ਇਹ ਹੈ ਕਿ ਕੀ ਕਰਾਮਾਤਾਂ ਨਾਲ ਲੋਕਾਂ ਦੀਆਂ ਮਨੋਕਾਮਨਾ ਪੂਰੀਆਂ ਕਰ ਦੇਣੀਆਂ ਧਰਮ ਹੈ? ਗੁਰਮਤਿ ਇਸ ਨੂੰ ਧਰਮ ਜਾਂ ਧਰਮ ਦਾ ਅੰਗ ਨਹੀਂ ਮੰਨਦੀ। ਸਗੋਂ ਕਰਾਮਾਤਾਂ ਮਨੁਖ ਨੂੰ ਰੱਬ ਦੇ ਭੈ-ਅਦਬ ਦੇ ਰਾਹ ਤੋਂ ਭਟਕਾਅ ਕੇ ਆਪ-ਹੁਦਰਾ ਬਣਾ ਦਿੰਦੀਆਂ ਹਨ। ਕਰਾਮਾਤ ਇਕ ਸ਼ਕਤੀ ਹੈ, ਜੋ ਦਿਸਦੀ ਨਹੀਂ। ਅੱਜ ਦੇ ਮਨੁਖ ਪਾਸ ਸਾਇੰਸ ਨੇ ਭੀ ਇਕ ਸ਼ਕਤੀ ਦਿੱਤੀ ਹੈ, ਜਿਸ ਕਾਰਨ ਇਹ ਰੱਬ ਦੀ ਸਰਬਸਮਾਨ ਸ਼ਕਤੀ ਨੂੰ ਭੁਲ ਕੇ ਆਪ-ਹੁਦਰਾ ਬਣ ਬੈਠਾ ਹੈ। ਇਸ ਆਪ-ਹੁਦਰੇਪਣ ਨੇ ਉਸ ਨੂੰ ਵਿਨਾਸ਼ ਦੀ ਸਿਖਰ ਤੇ ਲੈ ਆਂਦਾ ਹੈ। ਗੁਰਮਤਿ ਮਨੁਖ ਨੂੰ ਆਪਹੁਦਰੇ ਹੋਣ ਤੋਂ ਵਰਜਦੀ ਹੈ ਤੇ ਸਦਾ ਸਾਈਂ ਦੇ ਹੁਕਮ ਅੰਦਰ ਜੀਊਣ ਦੀ ਜਾਚ ਸਿਖਾਂਦੀ ਹੈ। —ਸੰਪਾਦਕ

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਸਿੱਧੀ-ਜੀਵੀਆਂ (ਸਿੱਧ ਜੋਗੀਆਂ) ਦਾ ਬੋਲ ਬਾਲਾ ਸੀ। ਇਹਨਾਂ ਦੀਆਂ ਦੋ ਸ਼ਾਖਾਵਾਂ ਸਨ, ਇਕ ਤਾਂਤ੍ਰਿਕ ਜੋਗੀ ਸਨ, ਜੋ ਟੂਣੇ-ਟਮੱਕੇ ਕਰਦੇ ਸਨ। ਹੋ ਸਕਦੈ, ਬੰਗਾਲ ਦੀ ਨੂਰ ਸ਼ਾਹ ਇਸੇ ਸ਼ਾਖਾ ਨਾਲ ਸੰਬੰਧਤ ਹੋਵੇ। ਦੂਜੇ ਉਹ ਸਨ ਜਿਨ੍ਹਾਂ ਨੂੰ ਗੁਰੂ ਪਾਤਸ਼ਾਹ ਸੁਮੇਰ ਪਰਬਤ ਅਤੇ ਅਚਲ ਵਟਾਲੇ ਵਿਖੇ ਮਿਲੇ। ਇਹ ਗੋਰਖ ਨਾਥ ਦੇ ਚੇਲੇ ਅਖਵਾਉਂਦੇ ਸਨ। ਕਈ ਪ੍ਰਕਾਰੀ ਤੱਪ-ਸਾਧਨਾ ਕਾਰਨ ਇਹਨਾਂ ਨੇ ਕੁਝ ਸਿੱਧੀਆਂ ਪ੍ਰਾਪਤ ਕੀਤੀਆਂ ਹੋਈਆਂ ਸਨ, ਜਿਨ੍ਹਾਂ ਦਾ ਪਰਦਰਸ਼ਨ ਆਮ ਜਨਤਾ ਦੇ ਸਾਹਮਣੇ ਕੁੰਭ ਜਾਂ ਸ਼ਿਵਰਾਤਰੀ ਦੇ ਮੇਲੇ ਸਮੇਂ ਕੀਤਾ ਜਾਂਦਾ ਸੀ। ਇਸਦਾ ਮੁਖ ਪ੍ਰਯੋਜਨ ਲੋਕਾਂ ਨੂੰ ਭੈ-ਭੀਤ ਕਰ ਕੇ ਵਸ ਕਰਨਾ ਹੁੰਦਾ ਸੀ। ਵਰ-ਸਰਾਪ ਦੇਣਾ ਤਾਂ ਇਨ੍ਹਾਂ ਦਾ ਖੱਬੇ ਹੱਥ ਦਾ ਕੰਮ ਸੀ। ਧੀਆਂ ਪੁਤਰ ਇਹਨਾਂ ਦੇ ਤੰਤਰਾਂ ਮੰਤਰਾਂ ਨਾਲ ਪੈਦਾ ਹੋ ਜਾਂਦੇ ਸਨ। ਸੰਸਾਰੀ ਜੀਵਾਂ ਨੂੰ ਰੱਬ ਵਰਗੀ ਮਹਾਨ ਹਸਤੀ ਨਾਲ ਪ੍ਰੇਮ ਪਾਉਣ ਦੀ ਕੀ ਲੋੜ ਪਈ ਹੈ ਜੇਕਰ ਇਹ ਛੋਟੇ-ਮੋਟੇ "ਆਪੋਂ ਬਣ-ਬੈਠੇ-ਰੱਬ" ਹੀ ਆਮ ਲੁਕਾਈ ਦੀਆਂ ਅੜੀਆਂ ਥੁੜੀਆਂ ਲੋੜਾਂ ਪੂਰੀ ਕਰ ਦੇਣ? ਇਹੋ ਜਿਹੇ ਮਾਹੌਲ ਵਿਚ ਵਾਹਿਗੁਰੂ ਜੀ ਦੇ ਪਿਆਰ ਦੀ ਗੱਲ ਕਰਨ ਵਾਲੇ ਕੇਵਲ ਗੁਰੂ ਨਾਨਕ ਪਾਤਸ਼ਾਹ ਹੀ ਦਿਸਦੇ ਹਨ, ਜਿਨ੍ਹਾਂ ਦਾ ਨਿਸ਼ਾਨਾ ਕਰਾਮਾਤਾਂ ਦਿਖਾਣਾ ਨਹੀਂ ਸੀ। ਸਗੋਂ ਭੁਲੀ-ਭਟਕੀ ਲੁਕਾਈ ਨੂੰ ਵਾਹਿਗੁਰੂ ਜੀ ਦੇ ਲੜ ਲਾਉਣਾ ਸੀ। ਇਹ ਕੰਮ ਭਾਵੇਂ ਔਖਾ ਸੀ, ਪਰ ਅਨੰਤ ਕਲਾ ਦੇ ਮਾਲਕ ਸਤਿਗੁਰੂ ਜੀ ਨੇ ਭੁਲਿਆਂ-ਭਟਕਿਆਂ ਨੂੰ ਸਹੀ ਰਸਤੇ ਪਾਉਣਾ ਸੀ। ਕਰਾਮਾਤ ਨਾਲ ਭੈ-ਭੀਤ ਕਰਨਾ ਹੋਰ ਗੱਲ ਹੈ, ਨਦਰ ਨਾਲ ਨਿਹਾਲ ਕਰਨਾ ਕੋਈ ਹੋਰ।

ਕਰਾਮਾਤ ਦਾ ਗੁਰੂ ਘਰ ਵਿਚ ਕੀ ਮੁਲ ਹੈ, ਇਸ ਬਾਰੇ ਦਸਵੇਂ ਪਾਤਸ਼ਾਹ ਦੇ ਜੀਵਨ ਵਿਚ ਇਕ ਸਵਾਦਲੀ ਘਟਨਾ ਦਸੀ ਜਾਂਦੀ ਹੈ। ਇਕ ਵਾਰੀ ਦਸਮੇਸ਼ ਸਤਿਗੁਰੂ ਜੀ ਪਾਸ ਪਾਉਂਟਾ ਸਾਹਿਬ ਵਿਖੇ ਕੋਈ ਸਿੱਧ (-ਜੀਵੀ) ਮਿਲਣ ਲਈ ਆਇਆ। ਕੁਝ ਦੇਰ ਵਿਚਾਰ-ਵਟਾਂਦਰਾ ਹੁੰਦਾ ਰਿਹਾ। ਪਰ ਸਤਿਗੁਰੂ ਜੀ ਨੇ ਜਮਨਾ-ਪਾਰ ਕਿਸੇ ਕਾਰਜ ਲਈ ਜਾਣਾ ਸੀ ਤਾਂ ਆਪ ਨੇ ਸਿੱਧ ਜੀ ਨੂੰ ਨਾਲ ਚਲਣ ਲਈ ਕਿਹਾ। ਸਿੱਧ ਜੀ ਨੇ ਕਿਹਾ, "ਆਪ ਚਲੋ, ਅਸੀਂ ਭੀ ਆਉਂਦੇ ਹਾਂ।" ਮਹਾਰਾਜ ਤਾਂ ਬੇੜੀ ਰਾਹੀਂ ਦੋ ਪੈਸੇ ਦੇ ਕੇ ਜਮਨਾ ਪਾਰ ਹੋ ਗਏ, ਪਰ ਅਗੇ ਗਏ ਤਾਂ ਉਹ ਸਿੱਧ ਉਥੇ ਖੜਾ ਮਿਲਿਆ। ਪਾਤਸ਼ਾਹ ਸਮਝ ਗਏ ਕਿ ਇਹ ਸਾਨੂੰ ਆਪਣੀ ਕਰਾਮਾਤ ਨਾਲ ਪ੍ਰਭਾਵਤ ਕਰਨਾ ਚਾਹੁੰਦਾ ਹੈ। ਪੁਛਿਆ, "ਕਿਉਂ ਜੀ, ਆਪ ਪਾਰ ਕਿਸ ਸਾਧਨ ਰਾਹੀਂ ਅਪੜੇ?" "ਅਸੀਂ ਬਾਰਾਂ ਸਾਲ ਦੀ ਸਾਧਨਾ ਮਗਰੋਂ ਪਾਣੀ ਤੇ ਤੁਰਨ ਦੀ ਸਿੱਧੀ ਪ੍ਰਾਪਤ ਕੀਤੀ ਹੈ", ਉਸ ਨੇ ਉਤਰ ਦਿੱਤਾ, "ਤੇ ਹੁਣ ਅਸੀਂ ਪਾਣੀ ਤੇ ਤੁਰ



www.AKJ.Org

ਲੋਂਚੇ ਹਾਂ।" ਗੁਰੂ ਜੀ ਹੱਸ ਪਏ ਤੇ ਕਿਹਾ "ਤਾਂ ਜਿਹੜਾ ਕੰਮ ਕੇਵਲ ਦੋ ਪੈਸੇ ਖਰਚਣ ਨਾਲ ਹੋ ਸਕਦਾ ਸੀ, ਤੁਸੀਂ ਉਸ ਪਿਛੇ ਤਪ ਤਾਪ ਤਾਪਕੇ ਬਾਰ੍ਹਾਂ ਸ਼ਾਲ ਗੁਆਂ ਦਿਤੇ ? ਇਹ ਸੁਣ ਕੇ ਸਿੱਧ ਜੀ ਲਾਜਵਾਬ ਹੋ ਗਏ, ਤੇ ਸਤਿਗੁਰਾਂ ਦੇ ਪਾਰਖੂ ਇਸ਼ਾਰੇ ਨੂੰ ਸਮਝ ਗਏ ਕਿ ਆਮ ਲੋਕਾਈ ਤਾਂ ਸਾਡੀ ਇਸ ਕਰਾਮਾਤ ਤੇ ਰੀਝ ਸਕਦੀ ਹੈ ਅਤੇ ਵਾਹ ਵਾਹ ਨਾਲ ਸਾਡੀਆਂ ਝੋਲੀਆਂ ਭਰ ਸਕਦੀ ਹੈ, ਪਰ ਵਪਾਰਕ ਦ੍ਰਿਸ਼ਟੀ ਤੋਂ ਇਸ ਸਿੱਧੀ ਦਾ ਮੁਲ ਕੇਵਲ ਦੋ ਪੈਸੇ ਹੈ, ਇਸ ਤੋਂ ਵਧ ਇਹ ਕੁਝ ਭੀ ਨਹੀਂ।

ਪਰਮਾਤਮਾ ਦੀ ਦਰਗਾਹ ਵਿਚ ਤਾਂ ਇਸ ਤਰ੍ਹਾਂ ਦੀਆਂ ਸਿਧੀਆਂ ਦਾ ਕੋਈ ਮੁਲ ਨਹੀਂ। ਉਥੇ ਤਾਂ ਐਸੇ ਸਿੱਧ ਨੂੰ ਦਰਗਾਹ ਵਿਚੋਂ ਖੋਟੇ ਜਾਣ ਕੇ ਬਾਹਰਵਾਰ ਸੁੱਟ ਦਿਤਾ ਜਾਂਦਾ ਹੈ, ਕਿਉਂਕਿ ਉਸ ਨੂੰ ਅਜੇ ਆਤਮ-ਰਸ ਦਾ ਪਤਾ ਹੀ ਨਹੀਂ। ਸੱਚੀ ਦਰਗਾਹ ਵਿਚ ਕੇਵਲ ਆਤਮ-ਰਸੀਏ ਹੀ ਅਪੜਦੇ ਹਨ—

ਖੋਟੇ ਸਚੀ ਦਰਗਹ ਸੁਟਿਅਹਿ ਕਿ ਸੁ ਆਗੈ ਕਰਹਿ ਪੁਕਾਰ ॥
ਸਤਿਗੁਰ ਪਿਛੈ ਭਜਿ ਪਵਹਿ, ਏਹਾ ਕਰਣੀ ਸਾਰੁ ॥੧੨॥ (ਮਾਝ ਕੀ ਵਾਰ ਮ: ੧, ਪੰਨਾ ੧੪੩)

ਅਸਲ ਗੱਲ ਇਹ ਹੈ ਕਿ ਸਿੱਧ-ਲੋਕ ਇਕ ਕਿਸਮ ਦੀ ਉਸ ਸ਼ਰੇਣੀ ਵਿਚੋਂ ਹਨ ਜੋ ਗੁਰਮਤਿ ਕਦਰਾਂ ਕੀਮਤਾਂ ਅਨੁਸਾਰ ਸਚੇ-ਮਾਰਗ ਤੋਂ ਭਟਕੇ ਹੋਏ ਹਨ। ਪਹਾੜਾਂ ਦੀਆਂ ਗੁਫਾਵਾਂ ਵਿਚ ਜਾ ਲੁਕਣਾ ਪਲਾਇਨਵਾਦ (Escapism) ਨਹੀਂ ਤਾਂ ਹੋਰ ਕੀ ਹੈ ? ਵਰ੍ਹੇ ਛਿਮਾਹੀ ਮੇਲਿਆਂ ਦੇ ਮੌਕੇ ਆ ਕੇ ਆਮ ਜਨਤਾ ਨੂੰ ਇਉਂ ਮਿਲਣਾ ਜਿਵੇਂ ਅਸਮਾਨੋਂ ਉਤਰੇ ਹੁੰਦੇ ਹਨ। ਇੰਜ ਇਹਨਾਂ ਰਾਹੀਂ ਸਾਧਾਰਨ ਮਨੁਖ ਨੂੰ ਕਿਵੇਂ ਸਹੀ ਰਸਤੇ ਪਾਇਆ ਜਾ ਸਕਦਾ ਹੈ ? ਇਹੋ ਕਾਰਨ ਸੀ ਕਿ ਸਿੱਧ-ਜੋਗੀ ਬਣਨ ਲਈ ਕਿਤੇ ਕੋਈ ਟਾਵਾਂ ਟਾਵਾਂ ਨਿਤਰਦਾ ਸੀ। ਆਮ ਲੋਕਾਂ ਵਿਚ ਸਿੱਧਾਂ ਦਾ ਸਹਿਮ ਤਾਂ ਹੁੰਦਾ ਸੀ ਅਤੇ ਵਸ ਲਗੇ ਉਹ ਉਹਨਾਂ ਲਈ ਡਰ ਦੇ ਮਾਰੇ ਹਰ ਕਿਸਮ ਦੀ ਕੁਰਬਾਨੀ ਕਰਨ ਲਈ ਤਿਆਰ ਵੀ ਹੁੰਦੇ ਸਨ, ਪਰ ਉਹਨਾਂ ਦਾ ਮੱਤ ਲੋਕ-ਪ੍ਰਿਆ ਨਹੀਂ ਬਣ ਸਕਿਆ।

ਸਿੱਧ ਆਮ ਤੌਰ ਤੇ ਉਹੀ ਲੋਕ ਬਣਦੇ ਸਨ ਜਿਨ੍ਹਾਂ ਨੂੰ ਦੁਨੀਆਂ ਤੋਂ ਵਾਹ ਵਾਹ ਲੈਣ ਦੀ ਭੁਖ ਹੁੰਦੀ। ਇਸ ਗੱਲ ਦਾ ਨਿਰਣਾ ਕਰਨਾ ਔਖਾ ਹੈ ਕਿ ਸਿੱਧ ਮਤ ਕਿਤਨਾ ਕੁ ਧਰਮੀ ਸੀ। ਇਹਨਾਂ ਦੇ ਆਪਣੇ ਨਿਯਮ ਹੁੰਦੇ ਸਨ ਜੋ ਸਦਾਚਾਰ ਦੇ ਪਰਤੀਕ ਸਨ। ਪਰ ਗੁਰਮਤਿ ਅਨੁਸਾਰ ਜੋ ਧਰਮ-ਕਰਮ ਪਰਮੇਸ਼ਰ-ਪ੍ਰਾਪਤੀ ਵਲ ਨਹੀਂ ਪ੍ਰੇਰਦੇ, ਉਹ ਧਰਮ ਹੀ ਨਹੀਂ ਆਖੇ ਜਾ ਸਕਦੇ। ਇਸ ਲਈ ਹਿੰਦੂ ਸਮਾਜ ਦੀ ਇਸ ਕਰਾਮਾਤੀ ਸ਼ਾਖਾ ਪ੍ਰਤੀ ਗੁਰਮਤਿ ਦਾ ਦ੍ਰਿਸ਼ਟੀਕੋਣ ਹੇਠ ਲਿਖੇ ਗੁਰਵਾਕ ਤੋਂ ਸਪੱਸ਼ਟ ਹੁੰਦਾ ਹੈ—

"......ਧਿਗੁ ਸਿਧੀ ਧਿਗੁ ਕਰਮਾਤਿ ॥"੨॥੨੦॥ (ਮ: ੩, ਵਾਰ ਸੋਰਠਿ, ਪੰਨਾ ੬੫੦)

ਸਤਿਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਅਨੇਕਾਂ ਮੁਸਲਮਾਨੀ ਪੀਰ ਫ਼ਕੀਰ ਭੀ ਸਨ, ਜਿਨ੍ਹਾਂ ਨਾਲ ਆਪ ਅਕਸਰ ਮਿਲਦੇ ਅਤੇ ਧਰਮ ਦੇ ਵਿਸ਼ੇ ਉਪਰ ਵਿਚਾਰ-ਵਟਾਂਦਰਾ ਕਰਦੇ ਸਨ। ਯਹੂਦੀ, ਈਸਾਈ ਅਤੇ ਇਸਲਾਮ ਧਰਮਾਂ ਦੀ ਆਪਣੀ ਇਕ ਮਜਬੂਰੀ ਹੈ ਕਿ ਉਨ੍ਹਾਂ ਧਰਮਾਂ ਦੇ ਪੈਗ਼ੰਬਰਾਂ ਨੂੰ ਆਪਣੇ ਆਪ ਨੂੰ ਰੱਬੀ ਨੁਮਾਇੰਦਾ ਸਿੱਧ ਕਰਨ ਲਈ ਕੋਈ ਨਾ ਕੋਈ ਕਰਾਮਾਤ ਦਿਖਾਣੀ ਪੈਂਦੀ ਸੀ। ਹਜ਼ਰਤ ਮੁਹੰਮਦ ਸਾਹਿਬ ਨੇ ਭੀ ਖ਼ੁਦ ਕਰਾਮਾਤਾਂ ਦਿਖਾ ਕੇ ਆਪਣਾ ਸਿੱਕਾ ਜਮਾਇਆ ਅਤੇ ਬੁੱਤ-ਪੂਜ ਅਰਬਾਂ ਨੂੰ ਇਕ ਖ਼ੁਦਾ ਦੇ ਰਾਹੇ ਤੋਰਿਆ। ਇਸਲਾਮਿਕ ਪਰੰਪਰਾ ਵਿਚ ਕਰਾਮਾਤ ਦਿਖਾਣੀ ਹੁਣ ਵੀ ਚੰਗਾ ਸਮਝਿਆ ਜਾਂਦਾ ਹੈ। ਕਹਿੰਦੇ ਹਨ ਮੀਆਂ ਮੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਅਤੇ ਸਰਮੱਦ ਫ਼ਕੀਰ ਨੇ ਗੁਰੂ ਤੇਗ ਬਹਾਦਰ ਜੀ ਨੂੰ ਆਪਣੀ ਕਰਾਮਾਤੀ ਸ਼ਕਤੀ ਨਾਲ ਮੁਗਲ ਰਾਜ ਦਾ ਤਖ਼ਤਾ ਉਲਟਾ ਦੇਣ ਦੀ ਪੇਸ਼ਕਸ਼ ਕੀਤੀ ਸੀ। ਦੋਵੇਂ ਸੂਫ਼ੀ ਫਕੀਰ ਸਨ, ਅਤੇ ਦੋਹਾਂ ਤੋਂ ਬ੍ਰਹਮ ਗਿਆਨੀ ਸਤਿਗੁਰੂ ਸਾਹਿਬਾਨਾ ਦੀ ਅਜਾਈਂ ਸ਼ਹੀਦੀ ਨਹੀਂ ਸੀ ਵੇਖੀ ਜਾਂਦੀ। ਉਹ ਦੋਵੇਂ ਕਰਾਮਾਤ ਦਿਖਾ ਸਕਣ ਦੇ ਸਮਰੱਥ ਭੀ ਸਨ, ਪਰ ਦੋਹਾਂ ਨੂੰ ਸਤਿਗੁਰਾਂ ਨੇ ਇਹ ਕਹਿ ਕੇ ਰੋਕਿਆ ਕਿ ਕਰਾਮਾਤ ਦਿਖਾਣੀ ਰੱਬ ਦਾ ਸ਼ਰੀਕ ਬਣਨ ਦੇ ਤੁਲ ਹੁੰਦਾ ਹੈ। ਹੁਕਮ ਅੰਦਰ ਜੋ ਹੋ ਰਿਹਾ ਹੈ, ਉਸ ਨੂੰ ਹੋਣ ਦੇਣਾ ਬਣਦਾ ਹੈ। ਰੱਬ ਦੀ ਚਾਕਰੀ ਕਰਨੀ ਹੈ ਨਾ ਕਿ ਸ਼ਰੀਕ ਬਣਨਾ ? ਇਸ ਦਲੀਲ ਨਾਲ ਉਹ ਮੁੜੇ।



www.AKJ.Org

ਕਈ ਵਾਰੀ ਗੁਰ-ਇਤਿਹਾਸ ਨੂੰ ਪੜ੍ਹ ਕੇ ਕਈ ਵਿਦਵਾਨ ਸੱਜਣ ਕਹਿ ਦਿੰਦੇ ਹਨ ਕਿ ਸਤਿਗੁਰੂ ਸਾਹਿਬਾਨ ਨੇ ਭੀ ਤਾਂ ਕਈ ਥਾਈਂ ਕਰਾਮਾਤਾਂ ਦਿਖਾਈਆਂ। ਉਤਰ ਹੈ, ਹਾਂ ਜ਼ਰੂਰ ਐਸਾ ਹੋਇਆ, ਪਰ ਵਿਚਾਰ ਕਰਨ ਵਾਲੀ ਗੱਲ ਇਹ ਹੈ ਕਿ ਸਤਿਗੁਰੂ ਜੀ ਅੰਦਰੋਂ ਨਿਰੰਕਾਰੀ ਜੋਤਿ ਨਾਲ ਇਕ-ਸੁਰ ਹੋਏ ਹੋਏ ਸਨ। ਉਹਨਾਂ ਨੂੰ ਹਰ ਦਮ ਅਕਾਲ ਪੁਰਖ ਦੀ ਰਜ਼ਾ ਦਾ ਪਤਾ ਹੁੰਦਾ ਸੀ। ਆਪ ਦੀ ਡਿਊਟੀ ਸੀ ਭੁਲਿਆਂ ਨੂੰ ਸਿਧੇ ਰਾਹੇ ਪਾਉਣਾ। ਉਹਨਾਂ ਕਰਾਮਾਤ ਦਾ ਪਰਦਰਸ਼ਨ ਕਿਤੇ ਨਹੀਂ ਕੀਤਾ। ਸਰਬੱਤ ਦੇ ਭਲੇ ਲਈ ਜੇ ਕੋਈ ਗੱਲ ਸਹਿਜ ਸੁਭਾਏ ਹੋ ਗਈ, ਤਾਂ ਹੋ ਗਈ। ਨਿਸ਼ਾਨਾ ਭਲਾ ਕਰਨਾ ਸੀ, ਆਪਣੀ ਸ਼ਕਤੀ ਨੂੰ ਸਿੱਧ ਕਰਨਾ ਨਹੀਂ ਸੀ।

ਸਤਿਗੁਰੂ ਜੀ ਦੀ ਬਾਂਗ ਦੀ ਆਵਾਜ਼ ਸੁਣ ਕੇ ਬਗਦਾਦ ਨਗਰੀ ਵਿਚ ਸੁੰਨ-ਮੁੰਨ ਛਾ ਜਾਣ ਦਾ ਪ੍ਰਭਾਵ ਸੀ ਕਿ ਇਸਲਾਮ ਧਰਮ ਦੇ ਪੈਰੋਕਾਰ ਲਖ ਆਕਾਸ਼ ਤੇ ਲਖ ਪਾਤਾਲ ਦੀ ਗੱਲ ਸੁਣਨ ਲਈ ਤਿਆਰ ਹੋ ਗਏ। ਜੇ ਕਰ ਸਿੱਧਾਂ ਦੇ ਤੰਤਰ ਮੰਤਰ ਗੁਰੂ ਬਾਬਾ ਜੀ ਦਾ ਕੁਝ ਨ ਵਿਗਾੜ ਸਕੇ ਤਾਂ ਇਸ ਤੋਂ ਮਹਾਰਾਜ ਨੇ ਉਹਨਾਂ ਨੂੰ ਇਹ ਸਿੱਧ ਕਰਕੇ ਸਮਝਾਉਣਾ ਸੀ ਕਿ ਪਰਮੇਸ਼ਰ ਦੇ ਨਾਮ ਵਿਚ ਤੁਹਾਡੇ ਟੂਣੇ ਮੰਤਰਾਂ ਨਾਲੋਂ ਕਿਤੇ ਜ਼ਿਆਦਾ ਸ਼ਕਤੀ ਹੈ। ਇਹ ਇਉਂ ਜਾਣਨਾ ਚਾਹੀਦਾ ਹੈ ਜਿਵੇਂ ਕਿਸੇ ਕਾਰਜ ਦੇ ਇਕੋ ਸਮੇਂ ਦੋ ਸਿੱਟੇ ਨਿਕਲਦੇ ਹੋਣ। ਸਤਿਗੁਰਾਂ ਦੇ ਬਚਨਾਂ ਵਿਚ ਕਰਾਮਾਤੀ ਸ਼ਕਤੀਆਂ ਸਹਿਵਨ ਹੀ ਦੂਹਰਾ ਕੰਮ ਕਰ ਰਹੀਆਂ ਦਿਸਦੀਆਂ ਹਨ। ਸਹਿਜ-ਸੁਭਾਇ ਸਤਿਗੁਰਾਂ ਦੇ ਬਚਨਾਂ ਨਾਲ "ਹਛਾ (ਮੂਲਾ) ਘਰ ਨਹੀਂ ਹੋਵੇਗਾ", ਜੇਕਰ ਮੂਲੇ ਦੀ ਘਰ-ਵਾਲੀ ਦਾ ਬੋਲਿਆ ਝੂਠ ਸੱਚ ਵਿਚ ਬਦਲ ਜਾਏ ਤਾਂ ਇਹ ਸਹਿਜੇ ਹੀ ਹੈ। ਮਹਾਰਾਜ ਨੇ ਸਰਾਪ ਦੇ ਕੇ ਨਹੀਂ ਸੀ ਮਾਰਨਾ ਆਪਣੇ ਪਿਆਰੇ ਨੂੰ। ਫਿਰ ਦਸਵੇਂ ਜਾਮੇ ਵਿਚ ਸ਼ਿਕਾਰ ਕਰ ਕੇ ਉਸ ਨੂੰ ਤਾਰਿਆ ਭੀ ਆਪ। ਇਉਂ ਨੂਰ ਸ਼ਾਹ ਜਾਦੂ-ਗਰਨੀ ਦਾ ਜਾਦੂ ਸ਼ਬਦ ਨਾਲ ਤੋੜਿਆ, ਸਜਣ ਠੱਗ ਨੂੰ ਭੀ ਰੱਬੀ ਬਾਣੀ ਨਾਲ ਸੁਰ ਕਰਕੇ ਠੱਗ ਤੋਂ ਸਜਣ ਬਣਾਇਆ। ਉਹਨਾਂ ਦਾ ਮਿਸ਼ਨ ਸੀ ਖੋਟੇ ਨੂੰ ਸ਼ਬਦ ਦੀ ਘਸਵੱਟੀ ਤੇ ਘਸਾ ਕੇ ਖਰਾ ਕਰਨਾ।

ਸਤਿਗੁਰੁ ਖੋਟਿਅਹੁ ਖਰੇ ਕਰੇ, ਸਬਦਿ ਸਵਾਰਣਹਾਰੁ ॥੧੨॥ (ਮਾਝ ਕੀ ਵਾਰ ਮ: ੧, ਪੰਨਾ ੧੪੩)

ਜੇਕਰ ਇਸ ਮਿਸ਼ਨ ਨੂੰ ਕਰਾਮਾਤ ਮੰਨਿਆ ਜਾਏ ਤਾਂ ਸਤਿਗੁਰੂ ਜੀ ਦਾ ਪਰਗਟ ਹੋਣਾ, ਦਸ ਜਾਮਿਆਂ ਵਿਚ ਵਿਚਰਨਾ, ਸਭ ਕੁਝ ਕਰਾਮਾਤੀ ਕ੍ਰਿਸ਼ਮਾ ਨਹੀਂ ਤਾਂ ਕੀ ਹੈ ?

ਨੌਵੇਂ ਸਤਿਗੁਰੂ ਜੀ ਨੂੰ ਦਿੱਲੀ ਦੇ ਹਾਕਮਾਂ ਵਲੋਂ ਇਹੋ ਕਿਹਾ ਗਿਆ ਸੀ। (ੳ) ਕਰਾਮਾਤ ਦਿਖਾਉ, ਜਾਂ (ਅ) ਇਸਲਾਮ ਕਬੂਲ ਕਰੋ, ਜਾਂ (ੲ) ਮੌਤ ਲਈ ਤਿਆਰ ਹੋ ਜਾਉ। ਸਤਿਗੁਰੂ ਜੀ ਨੇ ਤੀਜੀ ਗੱਲ ਪਰਵਾਨ ਕਰ ਲਈ ਸੀ ਤੇ ਖੁਸ਼ੀ ਖੁਸ਼ੀ ਸ਼ੀਸ ਦੇ ਦਿੱਤਾ, ਪਰ ਨਾ ਇਸਲਾਮ ਧਾਰਨ ਕੀਤਾ ਅਤੇ ਨਾ ਹੀ ਕਰਾਮਾਤ ਦਿਖਾਈ। ਦਸਵੇਂ ਸਤਿਗੁਰੂ ਜੀ ਬਚਿਤ੍ਰ ਨਾਟਕ, ਧਿਆਇ ੫ ਵਿਚ ਇਸ ਸੰਬੰਧੀ ਫੁਰਮਾਉਂਦੇ ਹਨ—

ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥

ਪ੍ਰਭੂ ਦੇ ਪਿਆਰਿਆਂ ਨੂੰ ਤਾਂ ਨਾਟਕ-ਚੇਟਕ ਦੇ ਕੁਕਰਮ ਦਾ ਜ਼ਿਕਰ ਕਰ ਕੇ ਭੀ ਲਜਾ ਆਉਂਦੀ ਹੈ। ਆਤਮ-ਰਸੀ ਏ ਨਾਟਕ ਚੇਟਕ ਕਰਦੇ ਸੋਭਦੇ ਹੀ ਨਹੀਂ। ਸਤਿਗੁਰੂ ਜੀ ਨੇ ਆਪਣਾ ਸਿਧਾਂਤ ਗੁਰਬਾਣੀ ਵਿਚ ਇਉਂ ਪ੍ਰਗਟਾਇਆ ਹੈ–

ਸਾ ਸਿਧਿ ਸਾ ਕਰਮਾਤਿ ਹੈ, ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥੨੦॥ ਪੰਨਾ ੬੫੦

ਮੁਕਦੀ ਗੱਲ ਇਹ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸੋਂ ਪਾਤਸ਼ਾਹੀਆਂ ਇਕ ਜੋਤਿ ਸਨ। ਉਹ ਆਤਮ-ਜੀਵੀ ਸਨ, ਉਹ ਆਤਮ-ਦਰਸੀ ਸਨ। ਉਹ ਆਪ ਅਕਾਲ ਰੂਪ ਸਨ। ਦੂਜੇ ਪਾਸੇ ਕਰਾਮਾਤੀ ਸ਼ਰੇਣੀ ਵਾਲੇ ਸਿੱਧੀ-ਜੀਵੀ ਸਨ। ਸਿੱਧੀ-ਜੀਵੀਆਂ ਦੀ ਤ੍ਰਿਪਤੀ ਸਿੱਧੀਆਂ ਕਰਾਮਾਤਾਂ ਦਿਖਾ ਕੇ ਵਾਹ ਵਾਹ ਲੈਣ ਵਿਚ ਹੁੰਦੀ ਹੈ। ਉਹ ਸਦਾ ਵਾਹ ਵਾਹ ਦੇ ਭੁਖੇ ਹੁੰਦੇ ਹਨ। ਉਹ ਕਈ ਵਾਰੀ ਧਕੋ-ਜ਼ੋਰੀ ਲੋਕਾਂ ਤੋਂ ਵਾਹ ਵਾਹ ਮੰਗਦੇ ਹਨ। ਪਰ ਆਤਮ-ਜੀਵੀ ਸਦਾ ਨਾਮ ਦੇ ਰੰਗਾਂ ਵਿਚ ਤ੍ਰਿਪਤ ਰਹਿੰਦੇ ਹਨ। ਉਹਨਾਂ ਨੂੰ ਫੋਕੀ ਵਾਹ ਵਾਹ ਦੀ ਲੋੜ ਹੀ ਨਹੀਂ ਰਹਿੰਦੀ। ਉਹ ਤਾਂ ਸਦਾ ਪ੍ਰੀਤਮ ਸਾਈਂ ਦੀ ਸਿਫਤ-ਸਲਾਹ ਰੂਪੀ ਵਾਹ ਵਾਹ ਕਰਦੇ


www.AKJ.Org

ਥਕਦੇ ਨਹੀਂ। ਫ਼ਰਕ ਇਹ ਹੈ—ਸਿੱਧੀ-ਜੀਵੀ ਵਾਹ ਵਾਹ ਮੰਗਦਾ ਹੈ; ਆਤਮ-ਜੀਵੀ ਵਾਹ ਵਾਹ ਕਰਦਾ ਹੈ। ਗੁਰਮਤਿ ਹਮੇਸ਼ਾ ਵਾਹੁ ਵਾਹੁ ਕਰਨ ਲਈ ਪ੍ਰੇਰਦੀ ਹੈ। ਗੁਰੂ ਘਰ ਦੇ ਸੰਤ ਮਹਾਪੁਰਸ਼ ਕਰਾਮਾਤਾਂ ਦਿਖਾਣ ਤੋਂ ਸੰਕੋਚਦੇ ਆਏ ਹਨ। ਕਿਤੇ ਸਹਿਜ ਸੁਭਾਏ ਬਚਨ ਹੋ ਜਾਏ "ਗੁਰੂ ਮਿਹਰ ਕਰੇ" ਤਾਂ ਇਹ ਕੋਈ ਕਰਾਮਾਤ ਦਿਖਾਣੀ ਨਹੀਂ। ਸੰਗਤ ਰੂਪ ਵਿਚ ਕੀਤੀ ਅਰਦਾਸ ਫਲੀਭੂਤ ਹੋ ਜਾਂਦੀ ਦੇਖੀ ਗਈ ਹੈ, ਇਹ ਕਰਾਮਾਤ ਨਹੀਂ। ਇਹ ਦੋਵੇਂ ਅਰਦਾਸ ਦੇ ਹੀ ਰੂਪ ਹਨ। ਸਿਖ ਨੂੰ ਪਤਾ ਹੈ :—

ਨਾਨਕ ਹੁਕਮੁ ਨ ਚਲਈ, ਨਾਲਿ ਖਸਮ ਚਲੈ ਅਰਦਾਸਿ ॥੨੨॥ (ਵਾਰ ਆਸਾ ਮ: ੧, ਪੰਨਾ ੪੭੪)

ਗੁਰੂ ਘਰ ਨਾਲ ਸੰਬੰਧ ਜਿਤਾਣ ਵਾਲੇ ਕਈ ਅਜਿਹੇ ਸਾਧ ਸੰਤ ਭੀ ਮਿਲਦੇ ਹਨ ਜੋ ਖੁਲ੍ਹੇ ਆਮ ਆਪਣੀ ਕੀਤੀ ਕਮਾਈ ਦੇ ਜ਼ੋਰ ਨਾਲ, ਕਰਾਮਾਤੀ ਫਲ ਸੰਗਤਾਂ ਵਿਚ ਵੰਡਦੇ ਫਿਰਦੇ ਦਿਖਾਈ ਦਿੰਦੇ ਹਨ। ਇਸ ਤੋਂ ਇਹ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਉਹ ਅਜੇ ਸਿੱਧ-ਜੀਵੀ ਹਨ, ਆਤਮ-ਜੀਵੀ ਨਹੀਂ ਹੋਏ। ਅਜੇ ਉਹ ਆਪਣੀ ਸਿਖੀ ਸੇਵਕੀ ਕਾਇਮ ਕਰ ਕੇ ਵਾਹ ਵਾਹ ਲੈਣ ਦੇ ਇਛੁਕ ਹਨ। ਅਤੇ ਹੌਲੀ ਹੌਲੀ ਇਹੋ ਜਿਹੇ ਸਿੱਧ-ਜੀਵੀ ਗੁਰਮਤਿ ਤੋਂ ਟੁਟ ਕੇ ਦੇਹਧਾਰੀ ਗੁਰੂ ਬਣ ਜਾਂਦੇ ਹਨ। ਅਤੇ ਥਾਂ ਪਰ ਥਾਂ ਆਪਣੇ ਡੇਰੇ ਕਾਇਮ ਕਰੀ ਬੈਠੇ ਹਨ। ਲੋਕਾਂ ਦੀਆਂ ਤਾਂ ਮਨੋ-ਕਾਮਨਾ ਉਹ ਜ਼ਰੂਰ ਪੂਰੀਆਂ ਕਰਦੇ ਹੋਣਗੇ, ਪਰ ਗੁਰਬਾਣੀ ਦੇ ਆਸ਼ੇ ਅਨੁਸਾਰ ਉਹ ਕੁਰਾਹੇ ਪਏ ਹੋਏ ਹਨ। ਕਰਾਮਾਤ ਦਿਖਾਣੀ ਤਾਂ ਭੁਲ ਹੈ ਹੀ, ਪਰ ਦੂਜਾ ਦੋਸ਼ ਜੋ ਉਹ ਸਿਰ ਤੇ ਲੈ ਰਹੇ ਹੁੰਦੇ ਹਨ, ਦੇਹਧਾਰੀ ਗੁਰੂ ਬਣ ਕੇ ਮੱਥੇ ਟਿਕਾਂਦੇ ਹਨ, ਇਉਂ ਉਹ ਸਤਿਗੁਰੂ ਜੀ ਦੀ ਬਰਾਬਰੀ ਕਰਦੇ ਹਨ।

ਖਸਮੈ ਕਰੇ ਬਰਾਬਰੀ, ਫਿਰਿ ਗੈਰਤਿ ਅੰਦਰਿ ਪਾਇ ॥
ਵਜਹੁ ਗਵਾਏ ਅਗਲਾ, ਮੁਹੇ ਮੁਹਿ ਪਾਣਾ ਖਾਇ ॥੨॥ (ਵਾਰ ਆਸਾ ਮ: ੧, ਪੰਨਾ ੪੭੪)

ਇਉਂ ਗੁਰਮਤੀ ਕਦਰਾਂ ਅਨੁਸਾਰ ਕਰਾਮਾਤ ਦਿਖਾਣੀ ਰੱਬ ਦਾ ਸ਼ਰੀਕ ਬਣਨ ਦੇ ਤੁਲ ਹੈ। ਤੇ ਦਰਗਾਹ ਵਿਚ ਐਸੇ ਬੰਦੇ ਨੂੰ ਜੁਤੀਆਂ ਪੈਂਦੀਆਂ ਹਨ ਜੋ ਸਾਈਂ ਦੀ ਬਰਾਬਰੀ ਕਰਦਾ ਹੈ।

## ਸ੍ਰੀ ਕੇਸਗੜ੍ਹ ਤੇ ਦਸਮੇਸ਼ ਜੀ ਦੀ ਵੰਗਾਰ

[ਗਿ: ਗੋਪਾਲ ਸਿੰਘ ਜੀ 'ਮਿੱਤਰ' 340/4, ਰਾਮ ਨਗਰ ਗੁੜਗਾਉਂ]

ਘੋੜੇ ਤੇਗਾਂ ਤਲਵਾਰਾਂ ਦੀ ਲੋੜ ਮੈਨੂੰ, ਮੈਨੂੰ ਲੋੜ ਹੈ ਚੰਗੀਆਂ ਜੁਆਨੀਆਂ ਦੀ।
ਸਿਰ ਜ਼ੁਲਮ ਦੇ ਜਿਹੜੀਆਂ ਫੋੜ ਦੇਵਨ, ਮੈਨੂੰ ਲੋੜ ਹੈ ਨਗਨ ਭੁਵਾਨੀਆਂ* ਦੀ।

ਲੈਣਾ ਚਾਹੁੰਦੇ ਹੋ ਜੇਕਰ ਖੁਸ਼ੀ ਮੇਰੀ, ਸੁੱਤੀ ਬੀਰਤਾ ਤਾਈਂ ਜਗਾਉ ਸਿੰਘੋ।
ਮੈਂ ਆਖਨਾਂ ਵਾਂ, ਬਣ ਕੇ ਸ਼ਸਤ੍ਰਧਾਰੀ, ਮੇਰੀ ਖੁਸ਼ੀ ਵਿਚ ਖੁਸ਼ੀ ਰਲਾਉ ਸਿੰਘੋ।

ਮੈਂ ਚੋਟ ਨਗਾਰੇ ਤੇ ਮਾਰਨੀ ਏ, ਮੱਥਾ ਜ਼ਾਬਰਾਂ ਦੇ ਨਾਲ ਲਾਉਣਾ ਏ।
ਜ਼ਾਲਮ ਰਾਜ ਇਹ ਮੈਨੂੰ ਪ੍ਰਤੀਤ ਹੁੰਦੈ, ਚਾਰ ਦਿਨਾਂ ਦਾ 'ਮਿੱਤਰ' ਪ੍ਰਾਹੁਣਾ ਏ।

* ਨੰਗੀਆਂ ਤਲਵਾਰਾਂ

(ਸਫ਼ਾ ੨੭ ਦੀ ਬਾਕੀ)

ਸਿਖ ਸੰਸਥਾਵਾਂ ਦਾ ਸਭ ਤੋਂ ਮੰਦਾ ਹਾਲ ਹੋਇਆ ਹੈ। ਮੁਖ ਸੰਸਥਾਵਾਂ ਅਕਾਲੀ ਪਾਰਟੀ ਤੇ ਉਸ ਦੀਆਂ ਸੰਬੰਧਤ ਸ਼ਾਖ਼ਾਵਾਂ ਰਾਜਸੀ ਸਤਾ ਦੇ ਆਦਰਸ਼ਾਂ ਵਲ ਰੁਚਿਤ ਹਨ, ਇਹੋ ਉਨ੍ਹਾਂ ਦਾ ਪੰਥ-ਸੇਵਾ ਦਾ ਪ੍ਰੋਗਰਾਮ ਹੈ। ਅੱਜ ਤੱਕ ਜਿੰਨੀਆਂ ਸ੍ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ, ਗਰਮ ਤੋਂ ਗਰਮ ਰਾਜਸੀ ਪ੍ਰੋਗਰਾਮ ਦੇ-ਕੇ ਗਰਮ ਧੜਾ ਆਪਣੇ ਨਾਲੋਂ ਨਰਮ ਧੜੇ ਨੂੰ ਪਛਾੜਦਾ ਰਿਹਾ ਹੈ। ਕੋਈ ਕੌਮ-ਉਸਾਰੂ-ਪ੍ਰੋਗਰਾਮ ਕਦੇ ਸਾਹਮਣੇ ਨਹੀਂ ਆਇਆ।



www.AKJ.Org

# ਸਿੱਖਾਂ ਵਿਚ ਸਿੱਖੀ ਦਾ ਘਟ ਰਿਹਾ ਅਸਰ

[ ਗਿਆਨੀ ਗੁਰਦਿਤ ਸਿੰਘ ਜੀ ]

ਸਿੱਖਾਂ ਵਿਚ ਸਿੱਖੀ ਅਸੂਲਾਂ, ਰਵਾਇਤਾਂ, ਆਦਰਸ਼ਾਂ ਤੇ ਉਦੇਸ਼ਾਂ ਤੇ ਚਲਣ ਦਾ ਅਸਰ ਘਟ ਰਿਹਾ ਹੈ। ਇਹ ਮੰਦਵਾੜਾ ਹਰ ਪਾਸੇ ਵਧ ਰਿਹਾ ਹੈ। ਮਾਇਆ ਦਾ ਪਸਾਰ ਭਾਰੂ ਹੋ ਰਿਹਾ ਹੈ। ਰਾਜਨੀਤੀ ਦੇ ਵਕਤੀ ਲਾਭ ਹਾਵੀ ਹੋ ਗਏ ਹਨ, ਰਾਜਨੀਤਕ ਪਦਵੀਆਂ ਲਈ ਸਭੋ ਕੁਝ ਕੁਰਬਾਨ ਕਰਨਾ, ਮੁੱਢਲੇ ਅਸੂਲਾਂ ਨੂੰ ਵੀ ਤਿਆਗ ਦੇਣਾ, ਸਧਾਰਨ ਜਿਹੀ ਗੱਲ ਬਣ ਗਈ ਹੈ। ਪਾਰਟੀ ਨੂੰ ਪੰਥ ਕਿਹਾ ਜਾਂਦਾ ਹੈ ਅਤੇ ਪਾਰਟੀ ਦੇ ਆਗੂਆਂ ਨੂੰ ਪੰਥਕ ਆਗੂ। ਪਾਰਟੀਆਂ ਕਿੰਨੀਆਂ ਹੀ ਬਣ ਜਾਣ, ਕੋਈ ਰੋਕ ਨਹੀਂ ਸਕਦਾ । ਕੀ ਸਾਰੀਆਂ ਪਾਰਟੀਆਂ ਦੇ ਆਗੂ ਪੰਥਕ ਆਗੂ ਹੋਏ ? ਉਹ ਵੀ ਇਕ ਦੂਜੇ ਨਾਲੋਂ ਵੱਡੇ ਤੇ ਮਹਾਨ ? ਕੀ ਇਸ ਦਾ ਭਾਵ ਇਹ ਨਹੀਂ ਕਿ ਕੋਈ ਵੀ ਪੰਥਕ ਆਗੂ ਨਹੀਂ ? ਜੇ ਇਹੋ ਗੱਲ ਹੈ, ਫਿਰ 'ਖਹਿ ਮਰਦੇ ਬਾਹਮਣ ਮਉਲਾਣੇ'* ਨਾਲੋਂ ਵੀ ਦਸ਼ਾ ਮੰਦੀ ਹੋਈ ? ਕੁਝ ਚਿਰ ਪਹਿਲਾਂ ਘੱਟੋ ਘੱਟ ਪਾਰਟੀਆਂ, ਗੁੱਟ, ਧੜੇ, ਅਕਾਲ ਤਖ਼ਤ ਦੀ ਧਾਰਮਕ ਅਗਵਾਈ ਵਿਚ ਯਕੀਨ ਰਖਦੇ ਸਨ। ਅਕਾਲ ਤਖ਼ਤ ਸਿਖਾਂ ਦੀ ਕੇਂਦਰੀ ਸ਼ਕਤੀ ਤੇ ਧਰਮ ਸੰਗਠਨ ਦਾ ਧੁਰਾ ਸੀ, ਹੁਣ ਉਸ ਦੀ ਅਗਵਾਈ ਵੀ ਬੇ-ਅਰਥੀ ਹੋ ਗਈ ਹੈ। ਅਕਾਲ ਤਖ਼ਤ ਦੀ ਜੱਥੇਦਾਰੀ ਹੀ ਅਨਿਸ਼ਚਿਤ ਹੋ ਗਈ ਹੈ। ਉਸ ਦੇ ਹੁਕਮ ਤੇ ਫ਼ੈਸਲੇ ਕੀ ਮਹੱਤਵ ਰੱਖਦੇ ਹਨ ? ਅਕਾਲ ਤਖ਼ਤ ਢਹਿ ਗਿਆ ਸੀ, ਉਸਰ ਰਿਹਾ ਹੈ, ਪਰ ਰਵਾਇਤਾਂ ਦਾ ਸੰਕਲਪ ਤੇ ਮਰਿਆਦਾ, ਸ਼ਾਇਦ ਹੀ ਉਸਰਨ ! ਪਹਿਲਾਂ ਅਕਾਲ ਤਖ਼ਤ ਉਤੇ, ਠੰਢੇ ਦਿਲ ਨਾਲ ਗੁਰਮਤਿ ਦੇ ਵਿਦਵਾਨ, ਜਿਨ੍ਹਾਂ ਦੇ ਵਿਚਾਰਕ ਹੋਣ ਦੇ ਨਾਤੇ ਸਿਖਾਂ ਦੇ ਵੱਖੋ ਵੱਖਰੇ ਖੇਤਰਾਂ ਵਿਚ ਮਹਾਨਤਾ ਮੰਨੀ ਜਾਂਦੀ ਸੀ, ਸਾਹਮਣੇ ਆਏ ਮਸਲਿਆਂ ਉਤੇ ਵਿਚਾਰਾਂ ਕਰਦੇ ਅਤੇ ਫ਼ੈਸਲੇ ਲਏ ਜਾਂਦੇ ਸਨ । ਧਾਰਮਕ ਫ਼ੈਸਲੇ ਧਾਰਮਕ ਸੰਸਥਾਵਾਂ ਵਿਚ ਕੰਮ ਕਰਨ ਵਾਲੇ ਵਿਚਾਰਵਾਨ ਕੀਤਾ ਕਰਦੇ ਸਨ। ਰਾਜਨੀਤਕ ਮਸਲੇ ਰਾਜਸੀ ਸੂਝ ਬੂਝ ਵਾਲੇ ਆਗੂ, ਧਾਰਮਕ ਜੀਵਨ ਤੋਂ ਕੋਰੇ ਨਹੀਂ, ਧਾਰਮਕ ਮਹੱਤਵ ਤੋਂ ਜਾਣੂ, ਦੂਹਰੀ ਮਾਨਤਾ ਰੱਖਣ ਵਾਲੇ ਮੁੱਖੀ ਕੀਤਾ ਕਰਦੇ ਸਨ। ਉਨ੍ਹਾਂ ਫ਼ੈਸਲਿਆਂ ਉਤੇ ਅਖ਼ਬਾਰਾਂ ਅਤੇ ਪਬਲਿਕ ਦੀਵਾਨਾਂ ਵਿਚ ਰਾਇਜ਼ਨੀ ਕੀਤੀ ਜਾਂਦੀ ਸੀ। ਪੂਰੀ ਪੁਣ-ਛਾਣ ਕਰ, ਨਿਤਾਰ ਕੇ ਗੱਲ ਪ੍ਰਵਾਨਗੀ ਦੇ ਪਦ ਉਤੇ ਪੁਜਦੀ ਸੀ । ਧਾਰਮਕ ਮਸਲਿਆਂ ਬਾਰੇ ਰਾਵਾਂ ਦੇ ਵਖੇਵਿਆਂ ਨੂੰ ਘੱਟ ਤੋਂ ਘੱਟ ਘਟਾ ਕੇ, ਜਿਸ ਤੇ ਵਧੇਰੇ ਸੰਮਤੀ-ਸੁਮੇਲ ਹੁੰਦਾ, ਉਨ੍ਹਾਂ ਨੂੰ ਪ੍ਰਵਾਨ ਕੀਤਾ ਜਾਂਦਾ। ਇਹੋ ਜਿਹੀ ਪਾਲਸੀ ਰਾਜਸੀ ਫ਼ੈਸਲਿਆਂ ਬਾਰੇ ਹੁੰਦੀ ਸੀ । ਉਨ੍ਹਾਂ ਫ਼ੈਸਲਿਆਂ ਨੂੰ ਲਾਗੂ ਕਰਨਾ ਕਰਾਉਣਾ ਜ਼ਿੰਮੇਵਾਰ ਪ੍ਰਤੀਨਿਧ ਸੰਸਥਾਵਾਂ ਦਾ ਕੰਮ ਹੁੰਦਾ ਸੀ। ਜੋ ਸੰਸਥਾ ਵਿਰੋਧ ਕਰਦੀ, ਉਸਨੂੰ ਵੀ ਅਸੂਲੀ ਵਿਰੋਧ ਕਰਨ ਦਾ ਹੱਕ ਹੁੰਦਾ ਸੀ। ਕੋਈ ਅਹਿਮ ਨੁਕਤਾ ਉਠਾਇਆ ਜਾਂਦਾ ਤਾਂ ਉਸ ਉਤੇ ਮੁੜ ਮੁੜ ਵਿਚਾਰਾਂ ਕੀਤੀਆਂ ਜਾਂਦੀਆਂ। ਤਤ-ਭੜੱਤੀ ਵਿਚ ਕੀਤਾ ਕੋਈ ਫ਼ੈਸਲਾ ਲਾਗੂ ਨਾ ਹੁੰਦਾ, ਨਾ ਜ਼ੋਰ ਜਬਰ ਨਾਲ ਦੂਜਿਆਂ ਨੂੰ ਦਬਾਅ ਕੇ ਕੋਈ ਫ਼ੈਸਲਾ ਕੀਤਾ ਤੇ ਕਰਾਇਆ ਜਾਂਦਾ ਸੀ। ਵਿਰੋਧ ਲਈ ਪ੍ਰਚਾਰ ਦੇ ਸਾਧਨਾਂ ਦੀ ਵਰਤੋਂ ਹੁੰਦੀ ਸੀ, ਕਾਨਫਰੰਸਾਂ ਅਤੇ ਦੀਵਾਨਾਂ ਵਿਚ ਆਪੋ ਆਪਣੇ ਨਜ਼ਰੀਏ ਤੇ ਪੱਖਾਂ ਤੋਂ ਸੰਗਤਾਂ ਨੂੰ ਸੁਸਿਖਿਸ਼ਤ ਕੀਤਾ ਜਾਂਦਾ ਸੀ।

ਮੁੱਢਲੇ ਫ਼ੈਸਲੇ ਲੈਣ ਵੇਲੇ ਸਿੱਖ ਵਿਦਵਾਨਾਂ ਤੇ ਬਜ਼ੁਰਗ ਸਜਣਾਂ ਨੂੰ ਖ਼ਾਸ ਮੀਟਿੰਗਾਂ ਸਮੇਂ ਟਿਕਾਣਿਆਂ ਉਤੇ ਜਾ ਕੇ ਵੀ ਸ਼ਮੂਲੀਅਤ ਲਈ ਪ੍ਰੇਰਨਾ ਕੀਤੀ ਜਾਂਦੀ, ਜਾਂ ਖ਼ੁਦ ਆਗੂ ਉਨ੍ਹਾਂ ਕੋਲ ਜਾ ਕੇ ਰਾਵਾਂ ਲੈਂਦੇ ਹੁੰਦੇ। ਕਈ ਵਾਰ ਭਾਈ ਕਾਨ੍ਹ ਸਿੰਘ ਜੀ ਕੋਲ ਮੁਖੀ ਆਪ ਪੁੱਜਦੇ ਸਨ। ਉਨ੍ਹਾਂ ਨਾਲ ਵਿਚਾਰ-ਵਟਾਂਦਰੇ ਕੀਤਾ ਕਰਦੇ, ਜਥੇਦਾਰ ਮੋਹਨ ਸਿੰਘ ਨੇ ਮੈਨੂੰ ਇਹ ਦਸਿਆ ਸੀ। ਭਾਈ ਸਾਹਿਬ ਰਣਧੀਰ ਸਿੰਘ ਜੀ ਕਦੀ ਕਿਸੇ ਵਿੰਗ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ, ਪਰ ਯਤਨ ਕੀਤਾ ਜਾਂਦਾ, ਉਨ੍ਹਾਂ ਦੀ ਰਾਏ ਕੋਈ ਸਿਆਣਾ ਸਜਣ ਆਪ ਜਾ ਕੇ ਪਤਾ ਕਰੇ।

* ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੧



www.AKJ.Org

ਭਾਈ ਵੀਰ ਸਿੰਘ ਜੀ ਚੀਫ਼ ਖਾਲਸਾ ਦੀਵਾਨ ਦੇ ਮੁੱਖੀ ਸਨ, ਉਨ੍ਹਾਂ ਦੀਆਂ ਰਾਵਾਂ ਨੂੰ ਉਸ ਹਲਕੇ ਵਿਚ ਤਾਂ ਸਤਿਕਾਰ ਹੈ ਹੀ ਸੀ, ਦੂਜੇ ਸਿੱਖ ਹਲਕਿਆਂ ਵਿਚ ਵੀ ਧਿਆਨ ਨਾਲ ਦੇਖਿਆ ਜਾਂਦਾ ਸੀ, ਜੋ ਆਮ ਤੌਰ 'ਤੇ ਉਨ੍ਹਾਂ ਦੇ ਅਖ਼ਬਾਰ ਤੋਂ ਪ੍ਰਗਟ ਹੁੰਦੀਆਂ ਸਨ।

ਉਂਜ ਉਸ ਵੇਲੇ ਸਭਨਾਂ ਪਾਸਿਆਂ ਵਿਚ ਕੰਮ ਕਰਨ ਵਾਲੇ ਸਿੱਖ, ਸਿੰਘ ਸਭਾ ਦੇ ਖ਼ਿਆਲਾਂ ਦੇ ਸਨ, ਜਿਨ੍ਹਾਂ ਉਤੇ ਇਸ ਲਹਿਰ ਦੇ ਪਹਿਲੇ ਨਿਸ਼ਕਾਮ, ਨਿਸਕਪਟ, ਤੇ ਉਸਾਰੂ ਰੁਚੀਆਂ ਵਾਲੇ, ਸਿੱਖੀ ਨੂੰ ਸਮੱਰਪਤ ਹਸਤੀਆਂ ਦੇ ਪ੍ਰਭਾਵ ਸਨ।

ਚੀਫ਼ ਖਾਲਸਾ ਦੀਵਾਨ ਦੀ ਉਸਾਰੂ ਰੁਚੀ ਨੇ ਵਿਦਿਅਕ ਖੇਤਰ ਵਿਚ ਮਾਅਰਕੇ ਦੇ ਕੰਮ ਕੀਤੇ, ਭਾਵੇਂ ਇਸ ਸੰਸਥਾ ਦੇ ਮੁਖੀ ਸਰਕਾਰ ਨਾਲ ਮਿਲਵਰਤਨੀਏ ਰਹਿੰਦੇ ਰਹੇ, ਵੱਡੇ ਵੱਡੇ ਅਹੁਦੇ ਵੀ ਏਸ ਸੰਸਥਾ ਦੇ ਮੁਖੀਆਂ ਨੂੰ ਮਿਲਦੇ ਰਹੇ, ਪਰ ਪੰਥ ਸੇਵਾ ਲਈ ਉਨ੍ਹਾਂ ਆਪਣਾ ਮਾਰਗ ਨਹੀਂ ਛੱਡਿਆ। ਲਗਨ ਨਾਲ, ਨਿਸ਼ਕਾਮ ਭਾਵਨਾ ਨਾਲ ਸੇਵਾ ਦੇ ਸ਼ੁਭ ਕੰਮ ਕਰਦੇ ਰਹੇ। ਫਿਰ ਇਕ ਪੱਖ ਗਰਮ-ਖ਼ਿਆਲੀਆਂ ਦਾ ਤਿਆਰ ਹੋਇਆ, ਜਿਨ੍ਹਾਂ ਨੇ ਪਹਿਲਾਂ ਗੁਰਧਾਮਾਂ ਵਿੱਚੋਂ ਕੁਰੀਤੀਆਂ ਨੂੰ ਠੱਲ੍ਹ ਪਾਈ, ਗੁਰਦੁਆਰਾ ਸੁਧਾਰ ਲਹਿਰ ਦੇ ਬੀਜ ਬੀਜੇ, ਮੁਲਕੀ ਆਜ਼ਾਦੀ ਦੇ ਸੰਗਰਾਮ ਵਿਚ ਵੀ ਅਗੇ ਹੋ ਕੇ ਭਾਗ ਲਿਆ। ਸੁਧਾਰਕਾਂ ਵਿਚ ਦੋਵਾਂ ਦੇ ਵਿਚਕਾਰਲੇ ਖ਼ਿਆਲਾਂ ਵਾਲਿਆਂ ਨੇ, ਜਿਨ੍ਹਾਂ ਵਿਚ ਬਹੁਤੇ ਗਰਮ-ਖ਼ਿਆਲੀਏ ਸਨ, ਇਨ੍ਹਾਂ ਵਿਚ ਪੰਚ ਖਾਲਸਾ ਦੀਵਾਨ ਭਸੌੜ, ਗੜਗੱਜ ਅਕਾਲੀ ਦਲ, ਮਾਝਾ ਸੈਂਟ੍ਰਲ ਦੀਵਾਨ, ਮਾਲਵਾ ਖਾਲਸਾ ਦੀਵਾਨ, ਧੂਰੀ ਖਾਲਸਾ ਦੀਵਾਨ ਬਾਰ (ਲਾਇਲਪੁਰ), ਹੋਰ ਪ੍ਰਤੀਨਿਧ ਸੰਸਥਾਵਾਂ ਦੇ ਆਗੂ ਸਨ, ਗੁਰਦੁਆਰਾ ਸੁਧਾਰ ਲਹਿਰ ਨੂੰ ਪ੍ਰਭਾਵੀ ਬਣਾਇਆ, ਸਾਹਮਣੇ ਰਖੇ ਟੀਚੇ ਪੂਰੇ ਕੀਤੇ।

ਮਾਹੌਲ ਚਾਹੇ ਕਿਤਨਾ ਵੀ ਗਰਮ ਹੁੰਦਾ ਰਿਹਾ, ਸਾਕਾ ਨਨਕਾਣਾ ਸਾਹਿਬ ਤੇ ਜੈਤੋ ਦੀਆਂ ਖ਼ੂਨੀ ਘਟਨਾਵਾਂ ਵਰਤੀਆਂ, ਪਰ ਪੰਥਕ ਮਾਣ ਮਰਿਆਦਾ ਸਰਵੋਤਮ ਮੰਨੀ ਜਾਂਦੀ ਰਹੀ। ਸ੍ਰੀ ਅਕਾਲ ਤਖ਼ਤ ਦੇ ਐਲਾਨਾਂ ਨੂੰ ਰੱਬੀ ਹੁਕਮਨਾਮਿਆਂ ਵਾਂਗ ਸਮਝਿਆ ਜਾਂਦਾ ਰਿਹਾ। ਸਰਕਾਰ ਜਿਨ੍ਹਾਂ ਲੋੜੀਂਦੇ ਵਿਅੱਕਤੀਆਂ ਦੀ ਮੰਗ ਕਰਦੀ ਸੀ, ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਿਦਾ ਕੀਤੇ ਜਾਂਦੇ ਸਨ। ਲੋੜੀਂਦੇ ਸਿੰਘ ਘੰਟਾ ਘਰ ਵਾਲੇ ਚੌਕ ਵਿਚ ਗ੍ਰਿਫਤਾਰੀਆਂ ਦਿੰਦੇ ਸਨ।

ਸਿੱਖਾਂ ਦੀ ਮਾਣ ਮਰਿਆਦਾ ਦੀ ਪਾਲਣਾ ਔਖੇ ਤੋਂ ਔਖੇ ਵੇਲੇ ਵੀ ਹੁੰਦੀ ਰਹੀ। ਸ਼੍ਰੋਮਣੀ ਕਮੇਟੀ ਗ਼ੈਰ-ਕਾਨੂੰਨੀ ਕਰਾਰ ਦਿੱਤੀ ਗਈ, ਆਗੂ ਜੇਲ੍ਹੀਂ ਸੁਟੇ ਗਏ। ਉਨ੍ਹਾਂ ਨੇ ਜੇਲ੍ਹਾਂ ਨੂੰ ਹੀ ਗੁਰਮਤਿ-ਗਿਆਨ ਕੇਂਦਰ ਬਣਾ ਲਿਆ। ਜੇਲ੍ਹਾਂ ਤੋਂ ਬਾਹਰ ਆਏ ਤਾਂ ਆਪਣੀਆਂ ਸੇਵਾਵਾਂ ਮਾਣ ਮਰਿਆਦਾ ਪੂਰਬਕ ਨਿਭਾਉਣੀਆਂ ਸ਼ੁਰੂ ਕੀਤੀਆਂ। ਧਾਰਮਕ ਰਹੁ-ਰੀਤਾਂ ਲਈ ਇਕ ਮਰਿਆਦਾ (ਰਹਿਤ ਮਰਿਆਦਾ) ਪੁਸਤਕ ਬਣਾਈ ਗਈ, ਜਿਸ ਵਿਚ ਪਿਛਲੀਆਂ ਰਹੁ-ਰੀਤਾਂ ਦਾ ਸੁਮੇਲ ਵੀ ਸੀ, ਨਵੇਂ ਵਿਚਾਰਾਂ ਲਈ ਮੌਲਕਤਾ ਦਾ ਨਜ਼ਰੀਆ ਵੀ। ਸਿਖ ਰਹੁ-ਰੀਤਾਂ ਦੀ ਪਾਲਣਾ ਵਿਚ ਜਿਥੇ ਕੋਈ ਵਿਅਕਤੀ ਕੋਤਾਹੀ ਕਰਦਾ ਸੀ, ਉਸ ਦੀ ਜਵਾਬ-ਦੇਹੀ ਕੀਤੀ ਜਾਂਦੀ ਸੀ। ਪੰਥਕ ਵਿਚਾਰਾਂ ਕਰਕੇ ਉਸ ਹਸਤੀ ਜਾਂ ਵਿਅਕਤੀ ਦੀ ਸੁਧਾਈ ਕੀਤੀ ਜਾਂਦੀ। ਮਨਮਤੀ ਰਹੁ-ਰੀਤਾਂ ਕਿਸੇ ਨੂੰ ਕਰਨ ਦੀ ਜੁਰਅਤ ਹੀ ਨਹੀਂ ਪੈਂਦੀ ਸੀ। ਇੰਜ ਓਦੋਂ ਸਿੱਖੀ ਦੀ ਵਿਚਾਰਧਾਰਾ ਵਿਚ ਫੂਹੀ ਫੂਹੀ ਇਕੱਠੀ ਕਰ ਕੇ ਗੁਰੂ ਪੰਥ ਦੀ ਪੈਲੀ ਸਿੰਜੀ ਜਾਂਦੀ ਸੀ।

ਹੁਣ ਮੁੜ ਸ਼ਖਸੀਅਤ-ਪ੍ਰਸਤੀ ਵਾਲੀ ਬੁੱਤ-ਪ੍ਰਸਤੀ ਜਾਂ ਤਸਵੀਰ-ਪ੍ਰਸਤੀ ਸਿੱਖਾਂ ਵਿਚ ਵਧ ਗਈ ਹੈ। ਤਸਵੀਰ ਜਾਂ ਮੂਰਤੀ-ਪੂਜਾ ਦੀ, ਸਿੱਖੀ ਵਿਚ ਉੱਕਾ ਹੀ ਗੁੰਜਾਇਸ਼ ਨਹੀਂ ਸੀ। ਅਖ਼ਬਾਰਾਂ, ਰਸਾਲਿਆਂ ਵਿਚ ਗੁਰੂ ਸਾਹਿਬਾਨ ਦੀਆਂ ਨਕਲੀ ਤਸਵੀਰਾਂ ਭਾਵੇਂ ਕਿੰਨੀਆਂ ਹੀ ਆਕਰਸ਼ਕ ਹੋਣ, ਛਾਪੀਆਂ ਤੱਕ ਨਹੀਂ ਜਾਂਦੀਆਂ ਸਨ। ਹੁਣ ਤੱਕ 'ਖਾਲਸਾ ਸਮਾਚਾਰ' ਜਿਹੇ ਪੁਰਾਣੇ ਅਖ਼ਬਾਰਾਂ ਵਿਚ ਗੁਰੂ ਸਾਹਿਬਾਨ ਦੀ ਕਦੇ ਤਸਵੀਰ ਨਹੀਂ ਛਾਪੀ



www.AKJ.Org

ਗਈ। ਇਹੋ ਪੁਜ਼ੀਸ਼ਨ ਪਹਿਲੇ ਖਾਲਸਾ ਅਖ਼ਬਾਰ, ਪੰਥ ਸੇਵਕ, ਪੰਜਾਬ ਦਰਪਨ ਆਦਿ ਅਖ਼ਬਾਰਾਂ ਦੀ ਸੀ। ਹੁਣ ਦੇ ਪਰਚੇ ਮਨ-ਮਰਜ਼ੀ ਦੀਆਂ ਤਸਵੀਰਾਂ ਬਨਾਉਣ ਵਾਲਿਆਂ ਦੀਆਂ ਚਿਤਰਾਵਾਲੀਆਂ ਨਾਲ ਹਰ ਰੋਜ਼ ਹੀ ਸਿੰਗਾਰੇ ਹੁੰਦੇ ਹਨ, ਜੋ ਅਸਲ ਤੇ ਪੁਰਾਤਨ ਤਸਵੀਰਾਂ ਨਾਲੋਂ ਏਨੇ ਫ਼ਰਕ ਵਾਲੀਆਂ ਨਵੀਨਤਮ ਹੁੰਦੀਆਂ ਹਨ, ਜੋ ਗੁਰੂ ਸਾਹਿਬਾਨ ਦੇ ਨਿਕਟਵਰਤੀ ਸਿੱਖ ਦੇਖਣ ਤਾਂ ਹੈਰਾਨ ਹੋਣ, ਕੀ ਇਹ ਸਾਡੇ ਸਤਿਗੁਰੂ ਹੀ ਹਨ, ਜਿਨ੍ਹਾਂ ਦੇ ਦਰਸ਼ਨ ਅਸੀਂ ਅੱਖਾਂ ਨਾਲ ਅਸਲ ਰੂਪ ਵਿਚ ਹੋਰ ਸ਼ਕਲਾਂ ਵਿਚ ਕੀਤੇ ਸਨ ? ਇਹ ਤਸਵੀਰਾਂ ਕਿਸੇ ਸੋਹਣੇ ਮਨੁੱਖ ਦੀ ਤਸਵੀਰ ਲੈ ਕੇ ਉਸ ਨੂੰ ਹੋਰ ਸੋਹਣੀ ਬਨਾਉਣ ਵਾਲਿਆਂ ਕਲਾਕਾਰਾਂ ਦੇ ਕ੍ਰਿਸ਼ਮੇ ਹੁੰਦੇ ਹਨ। ਤਸਵੀਰ-ਪ੍ਰਸਤੀ ਏਨੀ ਵਧ ਗਈ ਹੈ ਕਿ ਸਿਖਾਂ ਦੇ ਕਈ ਗੁਰਦੁਆਰੇ ਤੇ ਡੇਰੇ ਤਸਵੀਰਾਂ ਦੇ ਵੱਖੋ ਵੱਖਰੇ ਢੰਗ ਨਾਲ ਹੀ ਸਜਾਏ ਹੋਏ ਨਜ਼ਰ ਪੈਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਤਸਵੀਰਾਂ ਦੀ ਮਾਨਤਾ ਵਧ ਕੀਤੀ ਜਾਂਦੀ ਹੈ। ਤਸਵੀਰ-ਪੂਜਾ ਦਾ ਪ੍ਰਭਾਵ ਬੁੱਤ-ਪੂਜਾ ਨਾਲੋਂ ਘਟ ਨਹੀਂ। ਕਈ ਸੰਤਾਂ ਦੇ ਮੁਹਾਂਦਰਿਆਂ ਵਾਲੀਆਂ ਤਸਵੀਰਾਂ ਚੌਖਟਿਆਂ ਵਿਚ ਉਤਾਰ ਕੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ।

ਹਿੰਦੂ ਮੂਰਤਿ ਨਾਮੁ ਨਿਵਾਸੀ ਦੁਹ ਮਹਿ ਤਤੁ ਨ ਰੇਹਾ ॥੧॥੬॥੨)—ਪ੍ਰਭਾਤੀ ਕਬੀਰ ਜੀ, ੧੩੪੯

ਗੁਰ ਮੂਰਤਿ ਗੁਰ ਸ਼ਬਦ ਹੈ ਸਾਧ ਸੰਗਤਿ ਵਿਚਿ ਪ੍ਰਗਟੀਆਇਆ ॥੨੫॥ (੨੪)–ਭਾਈ ਗੁਰਦਾਸ ਜੀ

ਉਪਰੋਕਤ ਵਾਕ ਜਿਵੇਂ ਸਿਖਾਂ ਲਈ ਨਹੀਂ ਹਨ। ਜੇ ਹਨ ਤਾਂ ਫਿਰ ਸਿਖਾਂ ਦੀ ਸ਼ਰਧਾ-ਭਾਵਨੀ ਕਮਲੀ ਹੋਈ ਦਰ ਦਰ ਭਟਕਦੀ ਫਿਰਦੀ ਹੈ। ਅਸਲੀ ਈਮਾਨ ਅਤੇ ਧਰਮ ਦੇ ਮੂਲ ਉਦੇਸ਼ਾਂ ਦੀ ਘਾਟ ਕਾਰਨ, ਜਿਨ੍ਹਾਂ ਨੂੰ ਪ੍ਰਚਾਰਨ ਵਾਲੇ ਵਿਅਕਤੀਆਂ ਦੀ ਵਧੇਰੇ ਹੀ ਘਾਟ ਹੈ, ਪ੍ਰਭਾਵਸ਼ਾਲੀ ਸ਼ਖਸੀਅਤਾਂ ਦੀ ਅਣਹੋਂਦ ਇਕ ਤਰ੍ਹਾਂ ਵਿਆਪਕ ਹੋ ਗਈ ਹੈ। ਜਿਸ ਸ਼ਖਸੀਅਤ ਦਾ ਥੋੜਾ ਜਿਹਾ ਨਾਮ ਬਣਦਾ ਹੈ ਉਹੋ ਆਪਣੀ ਪੂਜਾ-ਪ੍ਰਤਿਸ਼ਟਤਾ ਦਾ ਅਡੰਬਰ ਰਚ ਲੈਂਦਾ ਹੈ। ਪ੍ਰਸਿੱਧ ਹਸਤੀਆਂ, ਸੰਸਥਾਵਾਂ ਜਾਂ ਜਥਿਆਂ ਵਿਚੋਂ ਕੁਝ ਪਰੀਚਯ ਕਰਨ ਲਈ ਕੀਰਤਨੀ ਸਿੰਘਾਂ ਜਾਂ ਬੋਲਣ ਵਾਲਿਆਂ ਲੈਕਚਰਾਰਾਂ ਨਾਲ ਵਧ ਕੇ ਛੇਤੀ ਹੀ ਵਖਰਾ ਡੇਰਾ (ਗੁਰੂ ਡੰਮ ਦਾ ਅੱਡਾ) ਬਣਾ ਲੈਣਾ ਅੱਜ ਕਲ੍ਹ ਦੇ ਧਰਮ-ਸੇਵਕਾਂ ਦਾ ਇਕ ਫ਼ੈਸ਼ਨ ਬਣ ਗਿਆ ਹੈ।

ਇਸ ਤੋਂ ਸੌਖੀ ਮੰਜ਼ਲ ਹੈ ਰਾਜਸੀ ਖੇਤਰ ਰਾਹੀਂ ਪ੍ਰਸਿੱਧੀ ਹਾਸਲ ਕਰਨੀ। ਰਾਜਨੀਤਕ ਖੇਤਰ ਵਿਚ ਕੈਦ ਕਟਣੀ ਤਾਂ ਬਹੁਤ ਔਖਾ ਕੰਮ ਹੈ, ਇਸ ਲਈ ਕੁਝ ਹੋਰ ਸੌਖੇ ਢੰਗ ਲੀਡਰੀ ਕਮਾਉਣ ਦੇ ਚਲ ਪਏ ਹਨ। ਅਜਿਹਾ ਕੁਝ ਕਰਨਾ, ਜਿਸ ਨਾਲ ਅਖ਼ਬਾਰਾਂ ਦੀਆਂ ਸੁਰਖ਼ੀਆਂ ਚਾਰ ਦਿਨ ਨਾਮ ਚਮਕਾਉਂਦੀਆਂ ਰਹਿਣ। ਪੰਥ ਦੇ ਆਗੂ ਬਣਨ ਦਾ ਇਹ ਸਭ ਤੋਂ ਸੌਖਾ ਸਾਧਨ ਨਵਾਂ ਨਵਾਂ ਈਜਾਦ ਹੋਇਆ ਹੈ। ਇਕ ਵਾਰ 'ਬੰਦਾ' ਪ੍ਰਸਿੱਧ ਹੋ ਜਾਵੇ, ਫਿਰ ਆਪੇ ਹੀ ਸਿਧ ਪੁਰਖ ਬਣ ਜਾਂਦਾ ਹੈ। ਪ੍ਰਸਿੱਧੀ ਸਿਧੀ ਦਾ ਕੰਮ ਦਿੰਦੀ ਹੈ।

ਇਸ ਕਿਸਮ ਦੇ ਅਡੰਬਰੀ ਪ੍ਰਸਿੱਧੀ ਵਾਲਾ ਅਸਰ ਸਿੱਖ ਸਮਾਜ ਉਤੇ ਵੀ ਵਧਦਾ ਜਾ ਰਿਹਾ ਹੈ। ਕੋਈ ਸਭਾ ਜਾਂ ਇਕੱਠ, ਜਿੰਨਾ ਚਿਰ ਉਸ ਵਿਚ ਕੋਈ ਰਾਜਸੀ ਮਹੱਤਵ ਵਾਲਾ ਆਦਮੀ ਨਾ ਪੁੱਜੇ, ਸੁਹਾਵਣਾ ਨਹੀਂ ਮੰਨਿਆ ਜਾਂਦਾ। ਇਹੋ ਜਿਹੇ ਪੁਰਖਾਂ ਤੋਂ ਸਿਖ ਗੁਰਦਵਾਰਿਆਂ ਦੇ ਨੀਂਹ-ਪੱਥਰ ਤੱਕ ਰਖਾਏ ਜਾਂਦੇ ਹਨ।

ਇਕ ਜ਼ਮਾਨਾ ਸੀ, ਪੰਥ ਵਿਚੋਂ ਚੋਣਵੇਂ ਸੇਵਕ, ਘਾਲਣਾ ਕਮਾਈ ਵਾਲੇ ਲੱਭੇ ਜਾਂਦੇ ਸੀ। ਉਨ੍ਹਾਂ ਨੂੰ ਬੇਨਤੀਆਂ ਕੀਤੀਆਂ ਜਾਂਦੀਆਂ ਸਨ। ਹੁਣ ਪਹਿਲਾਂ ਤਾਂ ਰਾਜਸੀ ਆਗੂ ਹੀ ਕੋਈ ਪੱਥਰ ਸੁੱਚਾ ਨਹੀਂ ਰਹਿਣ ਦੇਂਦੇ, ਫਿਰ ਮਾਇਆ-ਧਾਰੀਆਂ ਦੀ ਵਾਰੀ ਆਉਂਦੀ ਹੈ। ਉਸ ਪਿਛੋਂ ਦੇਖਿਆ ਜਾਂਦਾ ਹੈ ਕਿਸ ਆਦਮੀ ਤੋਂ ਕੀ ਲਾਭ ਪੁਜੇਗਾ, ਇਹ ਨਹੀਂ ਕਿ ਅਜਿਹੇ ਵਿਅਕਤੀ ਸੇਵਾ ਦੇ ਮੈਦਾਨ ਵਿਚ ਕੀ ਮਹੱਤਵ ਰੱਖਦੇ ਹਨ। ਗੁਰਮੁਖ ਵਿਅਕਤੀਆਂ ਦੀ ਕਦਰ ਕੀਮਤ ਹੁਣ ਜਿਵੇਂ ਰਹੀ ਹੀ ਨਹੀਂ। ਕਸ਼ਸ਼ਾਂ ਭਰੀ ਸ਼ਕਤੀ ਮਾਇਆ ਤੇ ਪਦ-ਪਦਵੀ ਦੀ ਮੰਨੀ ਜਾਂਦੀ ਹੈ। ਨਿਰਜਨ ਹੋ ਕੇ ਅਲੂਣੀ ਸਿਲ ਚੱਟਣ ਵਾਲਾ 'ਕੋਟਿ ਮਧੇ ਕੋ ਵਿਰਲਾ ਸੇਵਕੁ* ਹੀ ਕਿਸੇ ਖੂੰਝੇ ਲਗਿਆ ਰਹਿ ਗਿਆ ਹੋਵੇ ਤਾਂ ਹੋਵੇਗਾ ? ਦਾਵਾ ਅਗਨ ਨੇ ਸਾਰੇ ਤ੍ਰਿਣ ਜਾਲ ਸੁਟੇ ਹਨ, ਰਹਿੰਦੇ ਸੜ ਰਹੇ ਹਨ।

* ਗੂਜਰੀ ਮ: ੫, ਘਰੁ ੨, ਪੰਨਾ ੫੯੫

(ਬਾਕੀ ਸਫ਼ਾ ੨੪ ਦੇ ਹੇਠ)



www.AKJ.Org

# ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ

[ਲੜੀ ਜੋੜਨ ਲਈ ਵੇਖੋ 'ਸੂਰਾ' ਫ਼ਰਵਰੀ ੧੯੮੮]

(ਵਲੋਂ—ਸ: ਨਰੈਣ ਸਿੰਘ ਜੀ ਐਮ.ਏ., ਸਾਬਕਾ ਮੈਨੇਜਰ ਨਨਕਾਣਾ ਸਾਹਿਬ ਐਸਟੇਟ)

ਭਾਈ ਲਛਮਣ ਸਿੰਘ ਦੇ ਜਥੇ ਦੀ ਭਾਲ ਵਿਚ ਤੁਰੇ ਚਾਰ ਘੋੜ-ਸਵਾਰ ਸਚੇ ਸੌਦੇ ਤੋਂ ਚਲ ਕੇ ਸਿਧੇ ਚੰਦਰਕੋਟ ਦੀ ਝਾਲ ਤੇ ਪੁਜੇ, ਪਰ ਇਥੇ ਜਥਾ ਨਾ ਮਿਲਿਆ। ਇਹ ਨਹਿਰ ਦੀ ਪਟੜੀ ਪੈ ਕੇ ਅਗਲੇ ਮੁਹਲਨ ਵਾਲੇ ਪੁਲ ਤਕ, ਜਿਸ ਪਾਸੇ ਤੋਂ ਜਥੇ ਨੇ ਆਉਣਾ ਸੀ, ਗਏ, ਪਰ ਜਥੇ ਦਾ ਮੇਲ ਨ ਹੋਇਆ। ਏਥੋਂ ਨਨਕਾਣਾ ਸਾਹਿਬ ਚਾਰ ਕੁ ਮੀਲ ਦਖਣ ਵੱਲ ਸੀ। ਤਿੰਨ ਸਵਾਰਾਂ ਨੇ ਤਾਂ ਉਧਰ ਦਾ ਰੁਖ਼ ਕੀਤਾ ਅਤੇ ਭਾਈ ਰਾਮ ਸਿੰਘ ਨੂੰ ਵਾਪਸ ਚੰਦਰਕੋਟ ਦੀ ਝਾਲ ਤੇ ਭੇਜਿਆ ਕਿ ਸ਼ਾਇਦ ਕਿਸੇ ਹੋਰ ਰਸਤੇ ਜਥਾ ਉਥੇ ਨਾ ਚਲਿਆ ਗਿਆ ਹੋਵੇ।

ਜਦੋਂ ਇਹ ਤਿੰਨ ਸਵਾਰ ਨਨਕਾਣਾ ਸਾਹਿਬ ਪਹੁੰਚੇ ਤਾਂ ਥੋੜੀ ਰਾਤ ਬਾਕੀ ਸੀ। ਭਾਈ ਵਰਿਆਮ ਸਿੰਘ ਗਰਮੂਲਾ ਅਤੇ ਗੁਰਦਿਤ ਸਿੰਘ ਤਾਂ ਮੰਡੀ ਵਿਚ ਜਾ ਕੇ ਸੌਂ ਗਏ ਅਤੇ ਭਾਈ ਦਲੀਪ ਸਿਘ ਸ: ਉਤਮ ਸਿੰਘ ਦੇ ਕਪਾਹ ਦੇ ਕਾਰਖ਼ਾਨੇ ਗਿਆ ਅਤੇ ਉਥੋਂ ਪਿੰਡ ਭੋਜੀਆਂ ਵਾਲੇ ਵਰਿਆਮ ਸਿੰਘ ਨੂੰ, ਜੋ ਉਥੇ ਛਡਿਆ ਹੋਇਆ ਝੱਬਰ ਦਾ ਸੂਹੀਆ ਸੀ ਅਤੇ ਉਤਮ ਸਿੰਘ ਦਾ ਮੁਨਸ਼ੀ ਬਣ ਕੇ ਕਾਰਖ਼ਾਨੇ ਰਹਿੰਦਾ ਸੀ, ਜਥਾ ਰੋਕਣ ਵਾਲੀ ਚਿਠੀ ਦੇ ਕੇ ਜਨਮ ਅਸਥਾਨ ਵਾਲੇ ਰੇਲਵੇ ਫਾਟਕ ਪਾਸ ਖੜੇ ਹੋਣ ਲਈ ਭੇਜ ਦਿਤਾ, ਜਿਥੋਂ ਲੰਘ ਕੇ ਜਥੇ ਦੇ ਜਾਣ ਦੀ ਸੰਭਾਵਨਾ ਸੀ। ਉਸ ਨੂੰ ਹਦਾਇਤ ਕੀਤੀ ਗਈ ਕਿ ਜਦੋਂ ਜਥਾ ਆਵੇ, ਓਹ ਚਿਠੀ ਲਛਮਣ ਸਿੰਘ ਨੂੰ ਫ਼ੌਰਨ ਦੇ ਦੇਵੇ।

ਉਧਰ ਭਾਈ ਲਛਮਣ ਸਿੰਘ ਕਰੀਬਨ ੧੫੦ ਸਿੰਘਾਂ ਸਿੰਘਣੀਆਂ ਦੇ ਜਥੇ ਸਮੇਤ ਚੰਦਰਕੋਟ ਵਾਲੀ ਝਾਲ ਤੇ ਜਾਣ ਦੀ ਬਜਾਏ ਉਸ ਤੋਂ ਪਿਛਲੇ ਮੋਹਲਨ ਬੰਗਲੇ ਵਾਲੇ ਪੁਲ ਤੋਂ ਹੀ ਨਨਕਾਣਾ ਸਾਹਿਬ ਦੇ ਰਸਤੇ ਪੈ ਗਿਆ ਸੀ, ਅਤੇ ਆਪਣੇ ਜਥੇ ਦੇ ਸਕੱਤਰ ਭਾਈ ਦਿਆਲ ਸਿੰਘ ਤੇ ਇਕ ਹੋਰ ਸਿੰਘ ਨੂੰ ਚੰਦਰਕੋਟ ਵੱਲ ਭੇਜ ਦਿਤਾ ਸੀ ਕਿ ਉਹ ਝੱਬਰ ਦੇ ਜਥੇ ਨੂੰ ਦਸ ਦੇਣ ਕਿ ਧਾਰੋਵਾਲ ਦਾ ਜਥਾ ਉਨ੍ਹਾਂ ਨੂੰ ਨਨਕਾਣਾ ਸਾਹਿਬ ਲਾਗੇ ਭਠਿਆਂ ਪਾਸ ਮਿਲੇਗਾ। ਇਸ ਜਥੇ ਨੇ ਥੋੜੀ ਰਾਤ ਰਹਿੰਦੀ ਭਠਿਆਂ ਪਾਸ ਖੜੇ ਹੋ ਕੇ ਝੱਬਰ ਦੇ ਜਥੇ ਦੀ ਥੋੜਾ ਚਿਰ ਉਡੀਕ ਕੀਤੀ। ਏਥੇ ਹੀ ਭਾਈ ਲਛਮਣ ਸਿੰਘ ਨੇ ਆਪਣੇ ਜਥੇ ਤੋਂ ਮੁੜ ਪ੍ਰਣ ਲਿਆ ਕਿ ਅਗਰ ਜਨਮ ਅਸਥਾਨ ਪੁਜਣ ਤੇ ਮਹੰਤ ਦੇ ਆਦਮੀ ਉਨ੍ਹਾਂ ਪਰ ਵਾਰ ਕਰਨ ਤਾਂ ਓਹ ਅਗੋਂ ਹੱਥ ਨਹੀਂ ਉਠਾਉਣਗੇ ਅਤੇ ਸ਼ਹੀਦੀ ਪ੍ਰਾਪਤ ਕਰਨਗੇ, ਜੈਸਾ ਕਿ ਉਨ੍ਹਾਂ ਧਾਰੋਵਾਲ ਤੋਂ ਤੁਰਨ ਸਮੇਂ ਮਿਥ ਲਿਆ ਹੋਇਆ ਸੀ। ਦੂਜੀ ਗੱਲ ਇਹ ਕੀਤੀ ਕਿ ਭਾਈ ਲਛਮਣ ਸਿੰਘ ਨੇ ਜਥੇ ਨਾਲ ਆਈਆਂ ਸਿੰਘਣੀਆਂ ਨੂੰ ਕਿਹਾ ਕਿ ਇਹ ਜਥੇ ਨਾਲ ਇਸ ਤੋਂ ਅਗੇ ਨਾ ਜਾਣ ਅਤੇ ਏਥੋਂ ਗੁ: ਤੰਬੂ ਸਾਹਿਬ ਚਲੀਆਂ ਜਾਣ। ਏਥੇ ਹੀ ਭਾਈ ਟਹਿਲ ਸਿੰਘ ਨੇ ਆਪਣੀ ਜੇਬ ਵਿਚੋਂ ਕੱਢ ਕੇ ਅਠਾਰ੍ਹਾਂ ਰੁਪਏ ਬੀਬੀ ਇੰਦਰ ਕੌਰ ਸੁਪਤਨੀ ਭਾਈ ਲਛਮਣ ਸਿੰਘ ਨੂੰ ਦੇਂਦੇ ਹੋਏ ਕਿਹਾ ਕਿ ਸ਼ਹੀਦੀ ਪਿਛੋਂ ਸਾਡੇ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾ ਦੇਣ।

ਉਪਰੰਤ ਭਾਈ ਲਛਮਣ ਸਿੰਘ ਨੇ ਉਨ੍ਹਾਂ ਕਰੀਬਨ ੧੩੦ ਸਿੰਘਾਂ ਨੂੰ, ਜਿਨ੍ਹਾਂ ਅਗੋਂ ਹੱਥ ਨ ਉਠਾਉਂਦੇ ਹੋਏ ਜਨਮ ਅਸਥਾਨ ਅੰਦਰ ਸ਼ਹੀਦ ਹੋਣਾ ਪਵੇ ਤਾਂ ਸ਼ਹੀਦੀ ਪ੍ਰਾਪਤ ਕਰਨ ਦਾ ਪ੍ਰਣ ਲਿਆ ਸੀ, ਵਖਰੇ ਖੜੇ ਕਰ ਕੇ ਅਰਦਾਸਾ ਸੋਧਿਆ ਅਤੇ ਅਰਦਾਸੇ ਅੰਦਰ ਕੁਝ ਇਸ ਤਰ੍ਹਾਂ ਦੇ ਸ਼ਬਦ ਕਹੇ: 'ਗੁਰੂ ਨਾਨਕ, ਤੇਰੇ ਦਰ ਦੇ ਕੂਕਰ ਤੇਰੇ ਦਰਸ਼ਨਾਂ ਨੂੰ ਆਏ ਹਾਂ, ਅਤੇ ਇਰਾਦਾ ਧਾਰਿਆ ਏ ਤੇਰੇ ਦਰਬਾਰ ਅੰਦਰ ਹੋ ਰਹੀਆਂ ਕੁਰੀਤੀਆਂ ਨੂੰ ਆਪਣਾ ਖ਼ੂਨ ਪਾ ਕੇ ਧੋਣ ਦਾ। ਤੂੰ ਬਲ ਬਖ਼ਸ਼ ਕਿ ਅਸੀਂ ਆਪਣੇ ਇਰਾਦੇ ਵਿਚ ਸਫਲ ਹੋਈਏ, ਅਤੇ ਜੇ ਤੈਨੂੰ ਮਨਜ਼ੂਰ ਹੋਵੇ ਤਾਂ ਇਹ ਮਿਟੀ ਦੀਆਂ ਮੜੋਲੀਆਂ ਤੇਰੀ ਸੇਵਾ ਵਿਚ ਲਗ ਜਾਣ।''

ਇਹ ਅਰਦਾਸਾ ਕਰ ਕੇ ਜਥਾ ਤੁਰਨ ਹੀ ਲਗਾ ਸੀ ਕਿ ਭਾਈ ਵਰਿਆਮ ਸਿੰਘ ਭੋਜੀਆਂ ਵਾਲੇ ਨੇ ਭਾਈ ਦਲੀਪ ਸਿੰਘ ਪਾਸੋਂ ਲਿਆਂਦੀ ਚਿਠੀ ਭਾਈ ਲਛਮਣ ਸਿੰਘ ਨੂੰ ਦੇਂਦੇ ਹੋਏ ਕਿਹਾ ਕਿ ਭਾਈ ਦਲੀਪ ਸਿੰਘ ਹੋਰੀਂ



www.AKJ.Org

ਚਾਰ ਸਿੰਘ ਤੁਹਾਡੀ ਭਾਲ ਕਰਦੇ ਰਹੇ ਹਨ, ਪਰ ਤੁਹਾਨੂੰ ਨਹੀਂ ਮਿਲ ਸਕੇ । ਹੁਣ ਇਹ ਚਿਠੀ ਤੁਹਾਨੂੰ ਦੇਣ ਵਾਸਤੇ ਮੈਨੂੰ ਇਥੇ ਭੇਜਿਆ ਹੈ ਅਤੇ ਕਿਹਾ ਹੈ ਕਿ ਤੁਸੀਂ ਵਾਪਸ ਹੋ ਜਾਉ ।

ਭਾਈ ਲਛਮਣ ਸਿੰਘ ਨੇ ਤੀਲੀ ਦੀ ਲੋਅ ਕਰ ਕੇ ਇਹ ਚਿਠੀ ਪੜ੍ਹੀ ਅਤੇ ਹੁਣ ਜਥੇ ਵਿਚ ਵਿਚਾਰ ਹੋਣ ਲਗੀ ਕਿ ਅਗੇ ਜਾਇਆ ਜਾਏ ਜਾਂ ਨਾ । ਅਜਿਹੇ ਹਾਲਾਤ ਅੰਦਰ ਲੰਮੀ ਵਿਚਾਰ ਤਾਂ ਸੰਭਵ ਹੀ ਨਹੀਂ ਹੁੰਦੀ । ਜਥੇ ਦੇ ਮੈਂਬਰ ਭਾਈ ਟਹਿਲ ਸਿੰਘ ਨੇ ਅਗੇ ਹੋ ਕੇ ਕਿਹਾ, ''ਖਾਲਸਾ ਜੀ, ਤੁਸੀਂ ਹੁਣੇ ਹੀ ਆਪਣੇ ਸੀਸ ਸਤਿਗੁਰੂ ਦੀ ਸੇਵਾ ਵਿਚ ਲਾ ਦੇਣ ਦਾ ਅਰਦਾਸਾ ਕੀਤਾ ਹੈ । ਅਜਿਹਾ ਅਰਦਾਸਾ ਹੀ ਤੁਸਾਂ ਧਾਰੋਵਾਲ ਤੋਂ ਤੁਰਨ ਸਮੇਂ ਕੀਤਾ ਸੀ । ਗੁਰਸਿਖ ਦਾ ਇਹ ਕਰਮ ਨਹੀਂ ਕਿ ਅਰਦਾਸ ਕਰ ਕੇ ਇਸ ਤੋਂ ਪਿਛਾਹਾਂ ਹਟੇ । ਮੈਂ ਤਾਂ ਘਰੋਂ ਹੀ ਨਨਕਾਣਾ ਸਾਹਿਬ ਸ਼ਹੀਦ ਹੋਣ ਦਾ ਅਰਦਾਸਾ ਸੋਧ ਕੇ ਪੈਰ ਬਾਹਰ ਪਾਇਆ ਸੀ । ਸੋ ਮੈਂ ਤਾਂ ਪਿਛੇ ਨਹੀਂ ਮੁੜਨਾ, ਤੁਸਾਂ ਮੁੜਨਾ ਹੈ ਤਾਂ ਮੁੜ ਜਾਓ । ਮੈਂ ਤਾਂ ਜਾਵਾਂਗਾ ਅਤੇ ਜੇ ਮੇਰੇ ਭਾਗਾਂ ਵਿਚ ਹੋਈ ਤਾਂ ਸ਼ਹੀਦੀ ਪ੍ਰਾਪਤ ਕਰਾਂਗਾ ।''

ਇਉਂ ਕਹਿੰਦਾ ਭਾਈ ਟਹਿਲ ਸਿੰਘ ਗੁਰਦੁਆਰੇ ਵੱਲ ਤੁਰ ਪਿਆ । ਜਥੇਦਾਰ ਅਤੇ ਹੋਰ ਸਿੰਘਾਂ ਨੇ ਉਸ ਨੂੰ ਆਵਾਜ਼ਾਂ ਮਾਰੀਆਂ, ਪਰ ਓਹ ਨਾ ਮੁੜਿਆ । ਹੁਣ ਭਾ: ਲਛਮਣ ਸਿੰਘ,ਸਮੇਤ ਜਥੇ ਦੇ ਟਹਿਲ ਸਿੰਘ ਪਿਛੇ ਤੁਰ ਗਏ ।

ਭਾਈ ਵਰਿਆਮ ਸਿੰਘ ਨੇ ਇਹ ਸਾਰਾ ਕੁਛ ਵੇਖਿਆ ਤੇ ਸੁਣਿਆ ਸੀ, ਸੋ ਉਹ ਤਿੱਖੇ ਕਦਮੀਂ ਕਾਰਖ਼ਾਨੇ ਵੱਲ ਨੂੰ ਭਜ ਤੁਰਿਆ, ਤਾਂ ਕਿ ਭਾਈ ਦਲੀਪ ਸਿੰਘ ਨੂੰ ਸਾਰੀ ਗੱਲ ਦਸੇ । ਐਨ ਇਸੇ ਸਮੇਂ ਭਾਈ ਰਾਮ ਸਿੰਘ ਘੋੜੇ ਤੇ ਸਵਾਰ, ਜੋ ਚੰਦਰਕੋਟ ਦੀ ਝਾਲ ਤੋਂ ਹੋ ਕੇ ਬੁਚੀਆਣੇ ਸਟੇਸ਼ਨ ਤਕ ਜਥੇ ਦੀ ਭਾਲ ਕਰ ਮੁੜਿਆ ਸੀ, ਨੇ ਘੋੜੇ ਤੋਂ ਉਤਰ ਅਤੇ ਦੌੜ ਕੇ ਭਾਈ ਲਛਮਣ ਸਿੰਘ ਨੂੰ ਆਪਣੇ ਜਫੇ ਵਿਚ ਲੈਂਦੇ ਹੋਏ ਅਤੇ ਇਹ ਦਸ ਕੇ ਕਿ ਬੁਚੀਆਣੇ ਵਲੋਂ ਆ ਰਹੇ ਲਾਇਲਪੁਰ ਦੇ ਜਥੇ ਨੂੰ ਵੀ ਓਹ ਮੋੜ ਆਇਆ ਸੀ, ਅਤੀਅੰਤ ਕੋਸ਼ਸ਼ ਕੀਤੀ ਕਿ ਉਹ ਗੁਰਦੁਆਰਾ ਸਾਹਿਬ ਨਾ ਜਾਣ, ਪਰੰਤੂ ਓਹ ਕਦੋਂ ਮੁੜਦੇ ਸਨ । ਭਾਈ ਲਛਮਣ ਸਿੰਘ ਨੇ ਰਾਮ ਸਿੰਘ ਨੂੰ ਪਰੇ ਕੀਤਾ ਅਤੇ ਸਾਰਾ ਜਥਾ ਕੁਝ ਮਿੰਟਾਂ ਵਿਚ ਹੀ ਗੁ: ਜਨਮ ਅਸਥਾਨ ਦੀ ਦਰਸ਼ਨੀ ਡਿਉਢੀ ਵਿਚੋਂ ਲੰਘ ਕੇ ਗੁਰਦੁਆਰੇ ਅੰਦਰ ਦਾਖ਼ਲ ਹੋ ਗਿਆ । ਅੰਦਰ ਪਹੁੰਚ ਕੇ ਦਰਸ਼ਨੀ ਡਿਉਢੀ ਦਾ ਗੇਟ ਅੰਦਰ ਤੋਂ ਬੰਦ ਕਰ ਦਿਤਾ ।

ਮਹੰਤ ਨੂੰ ਜਥੇ ਦੇ ਗੁਰਦੁਆਰੇ ਅੰਦਰ ਦਾਖ਼ਲ ਹੋ ਜਾਣ ਦਾ ਪਤਾ ਉਸ ਵਕਤ ਹੀ ਲਗਾ ਜਦੋਂ ਦਾਖ਼ਲ ਹੋਣ ਪਿਛੋਂ,ਜਥੇ ਨੇ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ । ਅਸਲ ਗੱਲ ਇਹ ਸੀ ਕਿ ਮਹੰਤ ਨੂੰ ਮਿਲੀ ਰੀਪੋਰਟ ਅਨੁਸਾਰ ਜਥੇ ਨੇ ੧੯ ਤਾਰੀਖ਼ ਆਉਣਾ ਸੀ । ਉਸ ਦਿਨ ਮਹੰਤ ਨੇ ਸਾਰਾ ਦਿਨ ਜਥੇ ਦੀ ਇੰਤਜ਼ਾਰ ਵਿਚ ਗੁਰਦੁਆਰੇ ਦੇ ਅੰਦਰ ਬਾਹਰ ਅਤੇ ਰਾਹਾਂ ਤੇ ਪਹਿਰਾ ਰਖਿਆ ਸੀ ਅਤੇ ਜਥੇ ਨਾਲ ਨਿਪਟਣ ਲਈ ਪੂਰੀ ਤਿਆਰੀ ਕੀਤੀ ਰਖੀ ਸੀ, ਪਰ ਜਦੋਂ ਸ਼ਾਮ ਤਕ ਜਥਾ ਨਾ ਆਇਆ ਤਾਂ ਮਹੰਤ ਨੂੰ ਨਿਸਚਾ ਹੋ ਗਿਆ ਕਿ ਹੁਣ ਜਥਾ ਨਹੀਂ ਆਉਂਦਾ ਅਤੇ ਉਹ ਉਸੇ ਦਿਨ ਸਨਾਤਨ ਕਾਨਫ਼ਰੰਸ ਤੇ ਜਾਣ ਲਈ ਲਾਹੌਰ ਨੂੰ ਜਾਣ ਵਾਲੀ ਸ਼ਾਮ ਦੀ ਗਡੀ ਤੇ ਸਮੇਤ ਹੋਰ ਸਾਥੀਆਂ ਦੇ ਚੜ੍ਹ ਬੈਠਾ ਸੀ । ਨਨਕਾਣਾ ਸਾਹਿਬ ਦੀ ਵਸਨੀਕ ਇਕ ਔਰਤ ਉਸ ਗਡੀ ਤੋਂ ਉਤਰੀ ਸੀ । ਜਦੋਂ ਗਡੀ ਚਲੀ ਅਤੇ ਉਸ ਜ਼ਨਾਨੀ ਨੇ ਮਹੰਤ ਨੂੰ ਗਡੀ ਵਿਚ ਬੈਠਾ ਵੇਖਿਆ ਤਾਂ ਬਾਂਹ ਉਲਾਰਦੇ ਹੋਏ ਉਸ ਉਚੀ ਆਵਾਜ਼ ਪੁਕਾਰ ਕੇ ਕਿਹਾ, 'ਵੇ ਮਹੰਤਾ, ਤੂੰ ਕਿਦੇ ਪਿਆ ਵੈਂਦਾ ਏਂ, ਕਾਲੀਆਂ ਪਗਾਂ ਤੇ ਛੁਰਿਆਂ ਵਾਲੇ ਤਾਂ ਬੁਚੀਆਣੇ ਆ ਉਤਰੇ ਨੇ ।' ਮਹੰਤ ਅਤੇ ਉਸ ਦੇ ਨਾਲ ਬੈਠੇ ਕੁਝ ਸਾਥੀਆਂ ਨੇ ਤਾਂ ਚਲ ਰਹੀ ਗਡੀ ਤੋਂ ਹੀ ਛਾਲਾਂ ਮਾਰ ਦਿਤੀਆਂ ਅਤੇ ਜੋ ਨਾ ਉਤਰ ਸਕੇ ਓਹ ਅਗਲੇ ਸਟੇਸ਼ਨ ਵਕੀਲ ਵਾਲੇ ਤੋਂ ਉਤਰ ਕੇ ਰਾਤ ਨੂੰ ਵਾਪਸ ਆ ਗਏ ਅਤੇ ਰਾਤੋ ਰਾਤ ਜਥੇ ਦੀ ਉਡੀਕ ਵਿਚ ਮਹੰਤ ਨੇ ਆਪਣੀ ਤਿਆਰੀ ਕਰ ਲਈ ।

੨੦ ਤਾਰੀਖ਼ ਸਵੇਰੇ ਜਦ ਭਾਈ ਲਛਮਣ ਸਿੰਘ ਦਾ ਜਥਾ ਗੁਰਦੁਆਰੇ ਦਾਖ਼ਲ ਹੋ ਗਿਆ ਤਾਂ ਮਹੰਤ ਸਮਝ ਬੈਠਾ ਸੀ ਕਿ ਬਸ ਅਕਾਲੀਆਂ ਨੇ ਕਬਜ਼ਾ ਕਰ ਲਿਆ ਹੈ ਅਤੇ ਕਾਫ਼ੀ ਮਾਯੂਸ ਹੋ ਚੁਕਾ ਸੀ । ਪਰੰਤੂ ਉਸ ਦੇ ਆਦਮੀਆਂ ਨੇ ਉਸ ਨੂੰ ਦਸਿਆ ਕਿ ਇਹ ਤਾਂ ਥੋੜੇ ਜਿਹੇ ਆਦਮੀ ਹਨ, ਝੱਬਰ ਵਾਲਾ ਜਥਾ, ਜਿਸ ਦੀ ਉਡੀਕ ਸੀ, ਓਹ ਤਾਂ ਇਨ੍ਹਾਂ ਵਿਚ ਨਹੀਂ ਹਨ । ਉਸ ਨੇ ਰਾਂਝੇ, ਰਿਹਾਣੇ ਆਦਿਕ ਨੂੰ, ਜਿਨ੍ਹਾਂ ਪਾਸ ਬੰਦੂਕਾਂ ਸਨ, ਹੁਕਮ



www.AKJ.Org

ਦਿਤਾ ਕਿ ਜਾਓ ਸਾਰਿਆਂ ਨੂੰ ਮਾਰ ਦਿਓ। ਗੰਡਾਸਿਆਂ ਅਤੇ ਛਵ੍ਹੀਆਂ ਵਾਲੇ ਵੀ ਨਾਲ ਗਏ। ਪਰ ਗੁਰਦੁਆਰੇ ਦੇ ਬਾਹਰ ਦੇ ਸਾਰੇ ਦਰਵਾਜ਼ੇ ਅੰਦਰੋਂ ਬੰਦ ਸਨ। ਸ਼ੇਰ ਸਿੰਘ ਨਾਮ ਦੇ ਆਦਮੀ ਨੇ ਦੌੜ ਕੇ ਬਾਲ ਲੀਲ੍ਹਾ ਦੇ ਮਹੰਤ ਤੀਰਥ ਸਿੰਘ ਦੇ ਘਰੋਂ ਬਾਂਸ ਦੀ ਪੌੜੀ ਲਿਆਂਦੀ ਅਤੇ ਇਹ ਸਾਰੇ ਦਖਣ ਦੀ ਬਾਹੀ ਵਲ ਬਣੇ ਕਮਰਿਆਂ ਉਪਰ ਚੜ੍ਹ ਗਏ ਅਤੇ ਗੁਰਦੁਆਰਾ ਸਾਹਿਬ ਦੇ ਥੜੇ ਪਰ ਅਤੇ ਬਾਰਾਂਦਰੀ ਅੰਦਰ ਜਿਤਨੇ ਕੁ ਸਿੰਘ ਬੈਠੇ ਸਨ, ਸਭ ਨੂੰ ਗੋਲੀਆਂ ਮਾਰ ਕੇ ਜ਼ਖਮੀ ਕਰ ਦਿਤਾ ਅਤੇ ਬਹੁਤੇ ਜਾਨੋਂ ਮਾਰੇ ਗਏ। ਹੁਣ ਇਹ ਕਾਤਲ ਅਹਾਤੇ ਦੇ ਅੰਦਰ ਨੂੰ ਉਤਰੇ ਅਤੇ ਪ੍ਰਕਾਸ਼-ਅਸਥਾਨ ਦੇ ਲਹਿੰਦੇ ਦੇ ਦਰਵਾਜ਼ੇ ਵਿਚ ਪਾੜ ਪਾ ਕੇ ਉਸ ਦੇ ਵਿਚ-ਦੀ ਅੰਦਰ ਗੋਲੀਆਂ ਮਾਰੀਆਂ। ਗੁਰੂ ਗ੍ਰੰਥ ਸਾਹਿਬ ਨੂੰ ਵੀ ਕਈ ਗੋਲੀਆਂ ਲਗੀਆਂ। ਭਾਈ ਲਛਮਣ ਸਿੰਘ, ਜੋ ਤਾਬਿਆ ਬੈਠੇ ਸਨ, ਵੀ ਜ਼ਖਮੀ ਹੋ ਗਏ। ਅੰਦਰ ਬੈਠੇ ਹੋਰ ਸਾਰੇ ਸਿੰਘ ਮਾਰੇ ਗਏ ਜਾਂ ਜ਼ਖਮੀ ਹੋ ਗਏ। ਕੁਝ ਸਿੰਘ ਦਰਸ਼ਨੀ ਡਿਉਢੀ ਅੰਦਰ ਸਨ, ਉਨ੍ਹਾਂ ਨੂੰ ਗੰਡਾਸਿਆਂ ਵਾਲਿਆਂ ਨੇ ਮਾਰ ਦਿਤਾ, ਬਲਕਿ ਕਈਆਂ ਨੂੰ ਲਕੜੀ ਦੇ ਫਟਿਆਂ ਤੇ ਲਿਟਾ ਕੇ ਟੁਕੜੇ ਟੁਕੜੇ ਕਰ ਦਿਤਾ। ਜਿਨ੍ਹਾਂ ਫਟਿਆਂ ਤੇ ਸਿੰਘ ਟੋਟੇ ਟੋਟੇ ਕੀਤੇ ਗਏ ਸਨ, ਇਨ੍ਹਾਂ ਉਪਰ ਪਏ ਵਢਿਆਂ ਅੰਦਰ ਜੰਮਿਆ ਸਿੰਘਾਂ ਦਾ ਮਾਸ ਅਤੇ ਲਹੂ ਲੁਹਾਨ ਹੋਏ ਫਟੇ ਇਸ ਲੇਖਕ ਨੇ ੨੨ ਫ਼ਰਵਰੀ ਸਵੇਰੇ, ਜਦੋਂ ਸ਼ਹੀਦਾਂ ਦੇ ਦਰਸ਼ਨ ਲਈ ਸੰਗਤਾਂ ਨੂੰ ਅੰਦਰ ਜਾਣ ਦੀ ਆਗਿਆ ਹੋਈ, ਖ਼ੁਦ ਵੇਖੇ।* ਇਧਰ ਗੁਰਦੁਆਰੇ ਅੰਦਰ ਬਦਮਾਸ਼ ਖ਼ੂਨ ਦੀ ਹੋਲੀ ਖੇਡ ਰਹੇ ਸਨ ਤੇ ਮਹੰਤ ਬਾਹਰ ਘੋੜੇ ਤੇ ਫਿਰ ਰਿਹਾ ਸੀ।

ਭਾਈ ਵਰਿਆਮ ਸਿੰਘ ਜਥੇ ਨੂੰ ਚਿਠੀ ਦੇ ਕੇ ਭਾਈ ਦਲੀਪ ਸਿੰਘ ਪਾਸ ਕਾਰਖ਼ਾਨੇ ਪੁਜ ਗਿਆ ਸੀ। ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ ਅਤੇ ਭਾਈ ਬੂਟਾ ਸਿੰਘ ੨੦੪ ਚੱਕ ਵਾਲੇ ਤਿੰਨੇ ਚਾਹ ਛਕਣ ਲਗੇ ਸਨ ਤਾਂ ਗੁਰਦਵਾਰੇ ਵਿਚੋਂ ਗੋਲੀਆਂ ਦੀ ਆਵਾਜ਼ ਆਈ। ਭਾਈ ਦਲੀਪ ਸਿੰਘ ਜੀ ਉਠ ਖਲੋਤੇ ਤੇ ਕਿਹਾ, "ਬਸ, ਸਿੰਘ ਮਾਰੇ ਗਏ, ਚਲੋ ਅਸੀਂ ਭੀ ਚਲੀਏ।" ਭਾਈ ਉਤਮ ਸਿੰਘ ਨੇ ਕਿਹਾ ਕਿ ਭਾਈ ਸਾਹਿਬ, ਚਾਹ ਤਾਂ ਛਕ ਲਵੋ, ਪਰ ਇਨ੍ਹਾਂ ਨੇ ਫਿਰ ਨਾਂਹ ਕੀਤੀ ਅਤੇ ਦੋਵੇਂ (ਭਾ: ਦਲੀਪ ਸਿੰਘ ਤੇ ਭਾ: ਵਰਿਆਮ ਸਿੰਘ) ਗੁ: ਜਨਮ ਅਸਥਾਨ ਵੱਲ ਨੂੰ ਵਗ ਪਏ। ਦੋਵੇਂ ਸਜਨ ਜਨਮ ਅਸਥਾਨ ਦੇ ਸਾਹਮਣੇ ਪੁਜੇ, ਤਾਂ ਅਗੋਂ ਮਹੰਤ ਆਉਂਦਾ ਮਿਲਿਆ। ਭਾਈ ਦਲੀਪ ਸਿੰਘ ਨੇ ਕਿਹਾ, "ਓ ਮਹੰਤਾ! ਇਹ ਕੀ ਕੀਤਾ ਈ?" ਇਹ ਪਹਿਲੋਂ ਤੋਂ ਉਸ ਦੇ ਵਾਕਫ਼ ਸਨ। ਮਹੰਤ ਨੇ ਪੁਛਿਆ, "ਤੂੰ ਦਲੀਪ ਸਿੰਘ ਹੈਂ?" ਭਾ: ਦਲੀਪ ਸਿੰਘ ਨੇ ਕਿਹਾ, 'ਹਾਂ।' ਮਹੰਤ ਨੇ ਕਿਹਾ, "ਤੂੰ ਭੀ ਅਕਾਲੀ ਹੋ ਗਿਆ ਏਂ?" ਭਾਈ ਦਲੀਪ ਸਿੰਘ ਨੇ ਉਤਰ ਦਿਤਾ, "ਹਾਂ ਮੈਂ ਭੀ ਅਕਾਲੀ ਹਾਂ।" ਮਹੰਤ ਨੇ ਕਿਹਾ, "ਲੈ ਫਿਰ ਤਕੜਾ ਹੋ ਜਾਹ, ਆਈ ਆ।" ਮਹੰਤ ਪਾਸ ਪਸਤੌਲ ਸੀ, ਉਸ ਨੇ ਭਾਈ ਦਲੀਪ ਸਿੰਘ ਨੂੰ ਗੋਲੀ ਮਾਰੀ, ਜੋ ਛਾਤੀ ਵਿਚ ਵਜੀ। ਨਾਲ ਦੇ ਬਦਮਾਸ਼ਾਂ ਪਾਸ ਛਵ੍ਹੀਆਂ ਸਨ, ਬਸ ਫਿਰ ਕੀ ਸੀ, ਮਿੰਟਾਂ ਵਿਚ ਭਾਈ ਦਲੀਪ ਸਿੰਘ ਤੇ ਵਰਿਆਮ ਸਿੰਘ ਨੂੰ ਕਤਲ ਕਰ ਕੇ ਕਟ-ਵਢ ਦਿਤਾ ਗਿਆ।

ਹੁਣ ਮਹੰਤ ਨੇ ਸਿੰਘਾਂ ਦੀਆਂ ਲਾਸ਼ਾਂ ਨੂੰ ਗੁੰਮ ਕਰਨ ਲਈ ਮੰਡੀ ਤੋਂ ਗਡਾ ਘੱਲ ਕੇ ਮਿਟੀ ਦਾ ਤੇਲ ਮੰਗਾਇਆ। ਘਾਇਲ ਪਏ ਜਥੇਦਾਰ ਲਛਮਣ ਸਿੰਘ ਨੂੰ ਜ਼ਖਮੀ ਹਾਲਤ ਵਿਚ ਜੰਡ ਨਾਲ ਬੰਨ੍ਹ ਕੇ ਤੇਲ ਪਾ ਕੇ ਅੱਗ ਲਾ ਦਿਤੀ ਤੇ ਪਠਾਣਾਂ ਨੂੰ ਲਕੜੀਆਂ ਢੋਣ ਲਈ ਲਾਇਆ। ਬਾਕੀ ਦੇ ਅੰਦਰ ਪਏ ਸਿੰਘਾਂ ਨੂੰ, ਜਿਨ੍ਹਾਂ ਵਿਚੋਂ ਕਈ ਜ਼ਖਮੀ ਸਿਸਕ ਰਹੇ ਸਨ, ਜੰਡ ਤੋਂ ਚੜ੍ਹਦੇ ਪਾਸੇ ਅਤੇ ਭਾਈ ਦਲੀਪ ਸਿੰਘ, ਵਰਿਆਮ ਸਿੰਘ ਆਦਿ ਸਿਸਕ ਰਹੇ ਸਿੰਘਾਂ ਨੂੰ ਘੁਮਿਆਰਾਂ ਦੀ ਆਵੀ ਵਾਲੇ ਥਾਂ ਲਕੜਾਂ ਤੇ ਤੇਲ ਪਾ ਕੇ ਜਲਾ ਦਿਤਾ।

ਮਹੰਤ ਚਾਹੁੰਦਾ ਸੀ ਕਿ ਸਾਰੇ ਸਿਖ ਭਾਵੇਂ ਓਹ ਸ਼ਹੀਦ ਹੋ ਚੁਕੇ ਸਨ ਜਾਂ ਹਾਲਾਂ ਸਿਸਕ ਰਹੇ ਸਨ, ਸਭ ਨੂੰ ਜਲਾ ਕੇ ਅਜਿਹਾ ਕਰ ਦਿਤਾ ਜਾਵੇ ਕਿ ਇਨ੍ਹਾਂ ਦੇ ਸਿਖ ਹੋਣ ਦੀ ਪਛਾਣ ਜਾਂਦੀ ਰਹੇ ਅਤੇ ਉਹ ਕਹਿ ਸਕੇ ਕਿ ਸਿਖਾਂ ਨੇ ਬਾਹਰ ਤੋਂ ਆ ਕੇ ਉਸ ਦੇ ਆਦਮੀ ਮਾਰੇ ਅਤੇ ਫੂਕ ਦਿਤੇ ਸਨ ਅਤੇ ਮਹੰਤ ਦੇ ਬੰਦਿਆਂ ਨੇ ਕੇਵਲ ਤਿੰਨ

* ਅਸੀਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਕੁਝ ਵਿਦਿਆਰਥੀ ਕਈ ਹੋਰ ਸਿੰਘਾਂ ਦੇ ਜਥੇ ਨਾਲ ਜੜਾਂ ਵਾਲੇ ਤੋਂ ੨੩ ਮੀਲ ਦਾ ਸਫ਼ਰ ਪੈਦਲ ਕਰ ਕੇ, ਦੂਜੇ ਦਿਨ ੨੧ ਫ਼ਰਵਰੀ ਰਾਤ ਦੇ ਦਸ ਵਜੇ ਨਨਕਾਣਾ ਸਾਹਿਬ ਪਹੁੰਚ ਗਏ ਸੀ)।



www.AKJ.Org

ਸਿਖ ਮਾਰੇ ਸਨ, ਜਿਨ੍ਹਾਂ ਦੀਆਂ ਲਾਸ਼ਾਂ ਅਣ-ਸੜੀਆਂ ਥੜੇ ਤੇ ਪਈਆਂ ਸਨ। ਇਸ ਗੱਲ ਨੂੰ ਸਿਧ ਕਰਨ ਲਈ ਸਾਰੇ ਸਿਖਾਂ ਦੇ ਗਾਤਰੇ ਦੀਆਂ ਕਿਰਪਾਨਾਂ ਉਤਾਰ ਕੇ ਅਹਾਤੇ ਦੇ ਅੰਦਰ ਹੀ ਦਰਸ਼ਨੀ ਡਿਉਢੀ ਲਾਗੇ ਖੂਹ ਵਿਚ ਸੁਟ ਦਿਤੀਆਂ ਸਨ। ਪਰ ਝੂਠੇ ਦਾ ਝੂਠ ਨੰਗਾ ਕਰਨ ਲਈ ਰੱਬ ਨੇ ਉਨ੍ਹਾਂ ਦੀ ਮਤ ਤੇ ਪੜਦਾ ਪਾ ਦਿਤਾ ਅਤੇ ਉਹ ਉਨ੍ਹਾਂ ਦੇ ਕੜੇ ਉਤਾਰਨੇ ਭੁੱਲ ਗਏ, ਜੋ ਗੱਲ ਤਫਤੀਸ਼ ਸਮੇਂ ਨੰਗੀ ਹੋ ਗਈ।

ਦੂਜੀ ਗੱਲ, ਮਹੰਤ ਦੇ ਬੰਦਿਆਂ ਨੇ ਚੌਖੰਡੀ (ਪ੍ਰਕਾਸ਼-ਅਸਥਾਨ) ਅਤੇ ਬਾਰਾਂਦਰੀ, ਜਿਥੇ ਬੈਠੇ ਸਿੰਘ ਮਾਰੇ ਗਏ ਸਨ, ਦੇ ਫਰਸ਼ ਅਤੇ ਕੰਧਾਂ ਨੂੰ ਲਗਿਆ ਲਹੂ ਧੋਣ ਦੀ ਕੋਸ਼ਸ਼ ਕੀਤੀ, ਤਾਂ ਕਿ ਉਨ੍ਹਾਂ ਦਾ ਅੰਦਰ ਮਾਰਿਆ ਜਾਣਾ ਵੀ ਸਿਧ ਨ ਹੋਵੇ। ਇਹ ਧੋਣ ਧੁਆਉਣ ਦਾ ਕੰਮ ਮਹੰਤ ਦਾ ਚੇਲਾ ਲਧਾ ਰਾਮ ਕਰਵਾ ਰਿਹਾ ਸੀ।

ਚੌਖੰਡੀ ਅੰਦਰ ਬੈਠੇ ਸਿੰਘਾਂ ਵਿਚ ਇਕ ਜਰਗ (ਰਿਆਸਤ ਪਟਿਆਲਾ) ਨਿਵਾਸੀ ਭਾਈ ਕੇਹਰ ਸਿੰਘ ਨਾਮ ਦਾ ਸਿੰਘ ਸੀ, ਅਤੇ ਉਸ ਦੇ ਨਾਲ ਉਸ ਦਾ ਨੌਂ ਕੁ ਸਾਲ ਦਾ ਲੜਕਾ ਦਰਬਾਰਾ ਸਿੰਘ ਸੀ। ਜਿਸ ਵਕਤ ਬਾਰਾਂਦਰੀ ਅੰਦਰ ਗੋਲੀ ਚਲਣੀ ਸ਼ੁਰੂ ਹੋਈ ਸੀ ਤਾਂ ਚੌਖੰਡੀ ਅੰਦਰ ਬੈਠੇ ਸਿੰਘਾਂ ਨੇ ਦਰਬਾਰਾ ਸਿੰਘ ਨੂੰ ਅੰਦਰ ਹੀ ਬਣੀ ਇਕ ਵਡੀ ਅਲਮਾਰੀ ਵਿਚ ਬੰਦ ਕਰ ਦਿਤਾ ਸੀ। ਜਦੋਂ ਅੰਦਰ ਪਏ ਸ਼ਹੀਦ ਤੇ ਜ਼ਖਮੀ ਹੋਏ ਸਿੰਘਾਂ ਨੂੰ ਬਾਹਰ ਲਿਜਾਇਆ ਗਿਆ ਅਤੇ ਲਧਾ ਰਾਮ ਦੇ ਆਦਮੀ, ਜੋ ਵਧੇਰੇ ਕਰਕੇ ਨਨਕਾਣਾ ਸਾਹਿਬ ਐਸਟੇਟ ਦੇ ਕਾਸ਼ਤਕਾਰ ਹੀ ਸਨ, ਅੰਦਰਲਾ ਫ਼ਰਸ਼ ਧੋਣ ਲਗੇ ਤਾਂ ਅਲਮਾਰੀ ਵਿਚੋਂ ਦਰਬਾਰਾ ਸਿੰਘ ਬੋਲ ਪਿਆ ਕਿ 'ਮੈਂ ਵੀ ਬਾਪੂ ਨਾਲ ਸ਼ਹੀਦ ਹੋਣਾ ਸੀ' ਅਤੇ ਓਹ ਇਉਂ ਵਾਰ ਵਾਰ ਕਹੀ ਗਿਆ। ਫਰਸ਼ ਧੋਣ ਵਾਲੇ ਇਸ ਆਵਾਜ਼ ਤੋਂ ਡਰ ਕੇ ਇਹ ਕਹਿੰਦੇ ਹੋਇ ਬਾਹਰ ਨਿਕਲ ਗਏ, 'ਅੰਦਰ ਕੋਈ ਬਲਾ ਹੈ।' ਲਧਾ ਰਾਮ ਅੰਦਰ ਆਇਆ ਤੇ ਉਸ ਨੇ ਓਹੋ ਲਫਜ਼ ਸੁਣੇ। ਉਸ ਨੇ ਅਲਮਾਰੀ ਖੋਲ੍ਹੀ ਤਾਂ ਵਿਚੋਂ ਦਰਬਾਰਾ ਸਿੰਘ ਨਿਕਲਿਆ। ਲਧਾ ਰਾਮ ਨੇ ਕਪੂਰ ਸਿੰਘ ਨਾਮ ਦੇ ਕਾਸ਼ਤਕਾਰ ਦੇ ਹਵਾਲੇ ਇਸ ਬੱਚੇ ਨੂੰ ਕਰਦੇ ਹੋਏ ਕਿਹਾ ਕਿ 'ਇਸ ਨੂੰ ਘਲ ਇਹਦੇ ਬਾਪੂ ਕੋਲ।' ਕਪੂਰ ਸਿੰਘ ਨੇ ਦਰਬਾਰਾ ਸਿੰਘ ਨੂੰ ਚੁਕ ਕੇ ਮਚ ਰਹੀ ਸਿੰਘਾਂ ਦੀ ਚਿਖਾ ਵਿਚ ਸੁਟ ਦਿਤਾ, ਜਿਥੇ ਓਹ ਜੀਉਂਦੇ ਜੀ ਸੜ ਗਿਆ।*

ਸੰਧੂ ਸਾਹਿਬ ਡਿਸਟ੍ਰਿਕਟ ਇਨਜੀਨੀਅਰ, ਜੋ ਉਸ ਦਿਨ ਨਨਕਾਣਾ ਸਾਹਿਬ ਡਾਕ ਬੰਗਲੇ ਸੀ, ਨੇ ਮਾਂਗਟਾਂ ਵਾਲੇ ਬੰਗਲੇ ਡਿਪਟੀ ਕਮਿਸ਼ਨਰ ਕਰੀ ਸਾਹਿਬ ਨੂੰ, ਜੋ ਉਥੇ ਉਤਰਿਆ ਹੋਇਆ ਸੀ, ਸਾਰੀ ਖ਼ਬਰ ਕੀਤੀ ਤਾਂ ਉਹ ਸਮੇਤ ਇਕ ਥਾਣੇਦਾਰ ਦੇ ਸਵੇਰੇ ਹੀ ਨਨਕਾਣੇ ਸਾਹਿਬ ਪੁਜ ਗਿਆ। ਗੁਰਦਵਾਰੇ ਪੁਜ ਕੇ ਡਿਪਟੀ ਕਮਿਸ਼ਨਰ ਨੇ ਆਪਣੇ ਪਾਸ ਤਾਕਤ ਨਾ ਵੇਖ ਕੇ ਮਹੰਤ ਨੂੰ ਕੁਝ ਨਾ ਕਿਹਾ। ਅਜੇ ਕੁਝ ਲਾਸ਼ਾਂ ਸੜਨ ਵਾਲੀਆਂ ਪਈਆਂ ਸਨ।

ਉਸ ਨੇ ਥਾਣੇਦਾਰ ਨੂੰ ਹੁਕਮ ਦਿਤਾ, ਕਿ ਆਪ ਰੋਕੋ, ਲਾਸ਼ਾਂ ਜਲਨ ਨਹੀਂ ਦੇਣੀਆਂ। ਥਾਣੇਦਾਰ ਨੂੰ ਲਾਸ਼ਾਂ ਦੀ ਰਾਖੀ ਲਈ ਖਲ੍ਹਾਰ ਕੇ ਆਪ ਸਟੇਸ਼ਨ ਤੇ ਜਾ ਕੇ ਗਵਰਨਮੈਂਟ ਪੰਜਾਬ ਨੂੰ ਹਾਦਸੇ ਦੀਆਂ ਤਾਰਾਂ ਦਿਤੀਆਂ। ਜਦ ਸਾਹਿਬ ਮੁੜ ਕੇ ਗੁਰਦਵਾਰੇ ਆਇਆ ਤਾਂ ਸਿਰਫ਼ ਤਿੰਨ ਲਾਸ਼ਾਂ ਰਹਿ ਗਈਆਂ ਸਨ, ਬਾਕੀ ਸਭ ਜਲ ਗਈਆਂ ਸਨ।

ਗੁਰਦਵਾਰੇ ਕਤਲਾਮ ਕਰਕੇ ਮਹੰਤ ਨੇ ਭਾਈ ਉਤਮ ਸਿੰਘ ਵੱਲ ਆਦਮੀ ਘਲਿਆ, ਕਿ ਮੈਂ ਲਾਸ਼ਾਂ ਨੂੰ ਸਾਂਭ ਕੇ ਤੇਰੇ ਵੱਲ ਭੀ ਆਇਆ, ਤੂੰ ਤਕੜਾ ਹੋ ਲੈ। ਭਾਈ ਉਤਮ ਸਿੰਘ ਪਾਸ ਬੰਦੂਕ ਸੀ ਤੇ ਕਾਰਤੂਸ ਭੀ ਚੋਖੇ ਮੰਗਾ ਕੇ ਰਖੇ ਹੋਏ ਸਨ। ਜਿਸ ਵੇਲੇ ਮਹੰਤ ਹਥਿਆਰ ਤੇ ਗੋਲੀ ਗੱਟਾ ਇਕੱਠੇ ਕਰ ਰਿਹਾ ਸੀ, ਤਾਂ ਉਤਮ ਸਿੰਘ ਨੂੰ ਆਪਣਾ ਫ਼ਿਕਰ ਸੀ, ਕਿ ਜੇ ਕੋਈ ਵਕਤ ਬਣਿਆ ਤਾਂ ਮੈਨੂੰ ਭੀ ਹਿਸਾ ਲੈਣਾ ਪੈਣਾ ਹੈ। ਇਸ ਲਈ ਭਾਈ ਉਤਮ ਸਿੰਘ ਜੀ ਨੇ ਆਪਣੇ ਬਚਾਉ ਲਈ ਪੂਰਾ ਇੰਤਜ਼ਾਮ ਕੀਤਾ ਹੋਇਆ ਸੀ। ਉਹ ਜੁਆਨ ਆਪਣੇ ਕੋਠੇ ਤੇ ਮੋਰਚਾ ਬਣਾ ਕੇ ਬੈਠ ਗਿਆ। ਕੋਠੇ ਤੇ ਬੈਠ ਕੇ ਪੰਥਕ ਮੁਖੀਆਂ ਅਤੇ ਗਵਰਨਮੈਂਟ ਪੰਜਾਬ ਨੂੰ ਤੇ ਹੋਰ ਯੋਗ ਥਾਵਾਂ ਤੇ ਤਾਰਾਂ ਲਿਖ ਕੇ ਸਟੇਸ਼ਨ ਮਾਸਟਰ ਸਰਦਾਰ ਕਰਮ ਸਿੰਘ ਜੀ ਨੂੰ ਘਲੀਆਂ ਤੇ ਸ: ਕਰਮ ਸਿੰਘ ਨੇ ਇਹ ਤਾਰਾਂ ਅਗੇ ਤੋਰ ਦਿਤੀਆਂ। [ਚਲਦਾ] ["ਜਥੇਦਾਰ ਭਾਈ ਕਰਤਾਰ ਸਿੰਘ ਝੱਬਰ" ਪੁਸਤਕ ਵਿਚੋਂ

**ਅਗਲੀ ਕਿਸ਼ਤ ਵਿਚ 'ਝੱਬਰ ਜੀ ਦੇ ਸੂਰਬੀਰ ਜਥੇ ਦੀ ਸ੍ਰੀ ਨਨਕਾਣਾ ਸਾਹਿਬ ਵਲ ਚੜ੍ਹਾਈ' ਹੋਵੇਗੀ।**

* ਇਸ ਗੱਲ ਦੀ ਪੜਤਾਲ ਨਨਕਾਣਾ ਸਾਹਿਬ ਰਹਿਣ ਸਮੇਂ ਲੇਖਕ ਨੇ ਖ਼ੁਦ ਕੀਤੀ ਸੀ, ਜੋ ਬਿਲਕੁਲ ਸਚੀ ਵਾਰਤਾ ਹੈ।



www.AKJ.Org

# ਮੀਰੀ ਪੀਰੀ—ਧਰਮ ਸਿਆਸਤ ?

[ਗਿਆਨੀ ਜੰਗ ਸਿੰਘ ਜੀ, ਕੈਲੇਫੋਰਨੀਆ, ਅਮਰੀਕਾ]

ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦਾ "ਮੀਰੀ ਪੀਰੀ—ਧਰਮ ਸਿਆਸਤ" ਲੇਖ ਜਨਵਰੀ ੧੯੮੮ ਦੇ 'ਸੂਰਾ' ਅੰਕ ਵਿਚ ਛਪਿਆ ਸੀ। ਇਸ ਤੋਂ ਪਹਿਲਾਂ ਧਰਮ ਤੇ ਸਿਆਸਤ ਦੇ ਪਰਸਪਰ ਅਜੋੜ ਬਾਰੇ ਅਤੇ ਸਿਆਸਤ ਦੀਆਂ ਧਰਮ ਪ੍ਰਤੀ ਵਧੀਕੀਆਂ ਬਾਰੇ 'ਸੂਰਾ' ਦੇ ਹੇਠ ਲਿਖੇ ਅੰਕਾਂ ਵਿਚ ਇਹ ਲੇਖ ਪ੍ਰਕਾਸ਼ਤ ਹੋਏ ਸਨ—

(੧) ਜੂਨ ੧੯੮੬ : ਧਰਮ ਕੀ ਗਤਿ ਰਹੀ। (੨) ਸਤੰਬਰ ੧੯੮੬ : ਧਰਮ ਦੇ ਵਾਰਸੋ ! ਬੋਲੋ ! (੩) ਜੂਨ ੧੯੮੭ : ਪੰਥਕ ਏਕਤਾ, ਸਮੇਂ ਦੀ ਪ੍ਰਮੁਖ ਮੰਗ।

ਹੁਣ ਗਿਆਨੀ ਜੰਗ ਸਿੰਘ ਜੀ ਦੇ ਇਸ ਵਿਸ਼ੇ ਤੇ ਵਿਚਾਰ ਛਾਪੇ ਜਾ ਰਹੇ ਹਨ। ਅਸੀਂ ਹੋਰ ਪਾਠਕਾਂ ਦੇ ਵਿਚਾਰ ਵੀ ਇਸ ਸੰਬੰਧ ਵਿਚ ਜਾਨਣਾ ਚਾਹਵਾਂਗੇ। --ਸੰਪਾਦਕ

ਗੁਰਮਤਿ ਤੇ ਗੁਰਬਾਣੀ ਦੇ ਉਘੇ ਖੋਜੀ ਭਾਈ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦਾ ਧਰਮ ਤੇ ਸਿਆਸਤ ਨੂੰ ਵਖ ਵਖ ਰਖਣ ਬਾਰੇ ਇਕ ਖੋਜ ਭਰਿਆ ਲੇਖ 'ਸੂਰਾ' ਦੇ ਜਨਵਰੀ ਅੰਕ ਵਿਚ ਪ੍ਰਕਾਸ਼ਤ ਹੋਇਆ ਹੈ, ਜਿਸ ਵਿਚ ਆਪ ਨੇ ਸਮੇਂ ਨਾਲ ਢੁਕਦਾ ਅਹਿਮ ਨੁਕਤਾ ਪੇਸ਼ ਕਰਦੇ ਹੋਏ ਲਿਖਿਆ ਹੈ ਕਿ—

"ਧਰਮ ਅਤੇ ਪ੍ਰਚਲਤ ਸਿਆਸਤ ਦੋਵਾਂ ਦਾ ਆਸ਼ਾ-ਉਦੇਸ਼ ਪਰਸਪਰ ਵਿਰੋਧੀ ਹੈ। ਧਰਮ ਅਤੇ ਸਿਆਸਤ ਦੋ ਪਰਸਪਰ ਵਿਰੋਧੀ-ਵਿਚਾਰਧਾਰਾ (Ideologies) ਹਨ।" ਇਸ ਲੇਖ ਵਿਚ ਆਪ ਨੇ ਅਗੇ ਚਲ ਕੇ ਗੁਰਬਾਣੀ ਅਤੇ ਗੁਰ ਇਤਿਹਾਸ ਵਿਚੋਂ ਕਈ ਹਵਾਲੇ ਦੇ ਕੇ ਸਿਧ ਕੀਤਾ ਹੈ ਕਿ—ਧਰਮ ਤੇ ਸਿਆਸਤ ਨੂੰ ਇਕ ਦੂਜੇ ਨਾਲ ਗੱਡ ਮੱਡ ਕਰਨ ਦਾ ਹੀ ਇਹ ਸਿੱਟਾ ਨਿਕਲ ਰਿਹਾ ਹੈ ਕਿ ਧਰਮ ਦੀ ਬਹੁਤ ਹਾਨੀ ਹੋ ਰਹੀ ਹੈ। ਅਸਲ ਵਿਚ ਨੀਤੀਵੇਤਾ ਲੋਕ ਆਪਣੇ ਸੌੜੇ ਰਾਜਨੀਤਕ ਮਨੋਰਥਾਂ ਲਈ ਧਰਮ ਦੀ ਆੜ ਲੈਂਦੇ ਹਨ।

ਮੈਨੂੰ ਉਕਤ ਲੇਖ ਪੜ੍ਹ ਕੇ ਬਹੁਤ ਖੁਸ਼ੀ ਹੋਈ, ਕਿਉਂਕਿ ਅੱਜ ਤੱਕ ਬਹੁਤੇ ਸਿਖ ਵਿਦਵਾਨ ਅਤੇ ਸਿਖ ਨੇਤਾ ਮੀਰੀ ਪੀਰੀ ਦੇ ਸੁਮੇਲ ਦੀ ਗ਼ਲਤ ਵਿਆਖਿਆ ਕਰ ਕੇ ਇਸ ਗੱਲ ਉਤੇ ਹੀ ਜ਼ੋਰ ਦਿੰਦੇ ਆ ਰਹੇ ਹਨ ਕਿ ਸਿਖਾਂ ਦਾ ਧਰਮ ਤੇ ਸਿਆਸਤ ਵਖ ਹੋ ਹੀ ਨਹੀਂ ਸਕਦੇ।

ਗੁਰਬਾਣੀ ਦੀ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਪਤਾ ਲੱਗਦਾ ਹੈ ਕਿ ਧਰਮ ਦਾ ਆਧਾਰ ਨਿਰੋਲ ਸੱਚ ਉਤੇ ਹੈ ਅਤੇ ਸਿਆਸਤ ਦਾ ਆਧਾਰ ਕੂੜ ਉਤੇ ਹੈ। ਜਿਵੇਂ ਚਾਨਣ ਤੇ ਹਨੇਰਾ, ਗਿਆਨ ਤੇ ਅਗਿਆਨ, ਹਉਮੈ ਤੇ-ਨਾਮ—ਇਕੱਠੇ ਨਹੀਂ ਹੋ ਸਕਦੇ, ਉਸੇ ਤਰ੍ਹਾਂ ਧਰਮ ਤੇ ਸਿਆਸਤ ਵੀ ਇਕੱਠੇ ਨਹੀਂ ਹੋ ਸਕਦੇ। ਗੁਰਬਾਣੀ ਦਾ ਸਪੱਸ਼ਟ ਫ਼ੈਸਲਾ ਹੈ ਕਿ—

—ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨਾ ਵਸਹਿ ਇਕ ਠਾਇ ॥੧॥ (੫੬੦)
—ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ ॥੨੬॥ (੩੧੪)

ਗੁਰਬਾਣੀ ਅਨੁਸਾਰ ਧਰਮ ਦਾ ਆਸ਼ਾ ਤੇ ਉਦੇਸ਼ ਮਨੁਖ ਨੂੰ ਗੁਰਮੁਖਿ ਬਨਾਉਣਾ ਹੈ ਅਤੇ ਸਿਆਸਤ ਮਨੁਖ ਨੂੰ ਮਨਮੁਖ ਤੇ ਹੰਕਾਰੀ ਬਣਾਉਂਦੀ ਹੈ। ਧਰਮ ਇਹ ਸਿਖਾਉਂਦਾ ਹੈ—

ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥੨॥੪॥ (੬੬੧)

ਭਾਵ, ਸਾਰੇ ਜੀਵਾਂ ਵਿਚ ਮੇਰੇ ਵਰਗੀ ਹੀ ਆਤਮਾ ਹੈ, ਫਿਰ ਮੈਂ ਕਿਸੇ ਨੂੰ ਕਤਲ ਕਿਉਂ ਕਰਾਂ ? ਕਿਸੇ ਦ ਹੱਕ ਕਿਉਂ ਮਾਰਾਂ ? ਕਿਸੇ ਨਾਲ ਬੇ-ਇਨਸਾਫ਼ੀ ਕਿਉਂ ਕਰਾਂ ? ਗੁਰਬਾਣੀ "ਏਕੁ ਪਿਤਾ ਏਕਸ ਕੇ ਹਮ ਬਾਰਿਕ"* ਦਾ ਸੰਦੇਸ਼ ਦੇ ਕੇ ਪ੍ਰਮਾਤਮਾ ਨੂੰ ਸਭ ਜੀਵਾਂ ਦਾ ਪਿਤਾ ਅਤੇ ਸਾਰੇ ਮਨੁਖਾਂ ਨੂੰ ਉਸਦੇ ਪੁਤਰ ਦਸ ਕੇ ਇਹ ਸਮਝਾਉਂਦੀ ਹੈ ਕਿ ਸਾਰੀ ਮਾਨਵਤਾ ਹੀ ਇਕ ਪ੍ਰਵਾਰ ਹੈ। ਜੇ ਮਨੁਖ ਇਸ ਸੱਚੇ ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਵਸਾ ਲਵੇ ਤਾਂ

* ਸੋਰਠਿ ਮਹਲਾ ੫, ਪੰਨਾ ੬੧੧



www.AKJ.Org

ਰੰਗ, ਨਸਲ, ਮਜ਼ਹਬ ਆਦਿ ਦੇ ਭਿੰਨ-ਭੇਦ ਮਿਟ ਜਾਂਦੇ ਹਨ। ਉਸ ਦਾ ਦ੍ਰਿਸ਼ਟੀਕੋਣ ਇਤਨਾ ਵਿਸ਼ਾਲ ਹੋ ਜਾਂਦਾ ਹੈ ਕਿ ਉਸ ਦੇ ਖ਼ਿਆਲ ਵਿਚ ਸ਼ਰੇਣੀ-ਵੰਡ ਤੇ ਵਰਗ-ਵੰਡ ਵੀ ਗ਼ਲਤ ਸਿਧ ਹੋ ਜਾਂਦੀ ਹੈ। ਜੇ ਸਾਰਿਆਂ ਦਾ ਪਿਤਾ ਇਕ ਹੈ ਤੇ ਸਾਰੇ ਭਾਈ ਭਾਈ ਹਨ ਤਾਂ ਉਨ੍ਹਾਂ ਵਿਚ ਕਿਸੇ ਪ੍ਰਕਾਰ ਦਾ ਵਿਤਕਰਾ ਕਾਇਮ ਕਰਨਾ, ਜਾਂ ਕਿਸੇ ਨਾਲ ਘਿਰਣਾ ਕਰਨਾ, ਸਾਰੀ ਮਨੁਖਤਾ ਦਾ ਘਾਤ ਕਰਨ ਵਾਲੀ ਅਤੇ ਸਰਬੱਤ ਦੇ ਭਲੇ ਦੇ ਗੁਰਮਤਿ ਸਿਧਾਂਤ ਦਾ ਵਿਰੋਧ ਕਰਨ ਵਾਲੀ ਕੁਟਲ ਭਾਵਨਾ ਬਣ ਜਾਂਦੀ ਹੈ।

ਇਸੇ ਮਜ਼ਮੂਨ ਨਾਲ ਸੰਬੰਧ ਰਖਣ ਵਾਲੇ ਇਕ ਹੋਰ ਜ਼ਰੂਰੀ ਨੁਕਤੇ ਉਤੇ ਵਿਚਾਰ ਕਰਨਾ ਭੀ ਅਤਿ ਜ਼ਰੂਰੀ ਹੈ। ਗੁਰਬਾਣੀ ਦਾ ਫ਼ੁਰਮਾਨ ਹੈ—

—ਏਕੋ ਧਰਮੁ ਦ੍ਰਿੜੈ ਸਚੁ ਕੋਈ ॥੪॥ (੧੧੮੮)
—ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥੮॥੩॥ (੨੬੬)
—ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥੩॥੧੨॥ (੪੬੯)

ਭਾਵ, ਸਾਰੀ ਮਾਨਵਤਾ ਵਾਸਤੇ ਧਰਮ ਇਕੋ ਹੈ। ਮਜ਼ਹਬ ਵਖ ਵਖ ਹੋ ਸਕਦੇ ਹਨ। ਮਜ਼ਹਬ ਤੇ ਧਰਮ ਵਿਚ ਬਹੁਤ ਫ਼ਰਕ ਹੈ। ਧਰਮ ਸਭ ਦਾ ਸਾਂਝਾ ਹੈ, ਮਜ਼ਹਬੀ ਰਸਮੋ ਰਿਵਾਜ ਮਨੁਖਾਂ ਦੇ ਬਣਾਏ ਹੋਇ ਹਨ। ਧਰਮ ਆਤਮਾ ਤੇ ਪ੍ਰਮਾਤਮਾ ਨੂੰ ਅਭੇਦ ਕਰਨ ਵਾਸਤੇ ਸਚੇ ਮਾਰਗ ਉਤੇ ਤੁਰਨ ਦੀ ਪ੍ਰੇਰਨਾ ਕਰਦਾ ਹੈ। ਸੱਚ ਹੀ ਪ੍ਰਮਾਤਮਾ ਹੈ ਅਤੇ ਸਚ ਦੇ ਟੋਟੇ ਨਹੀਂ ਹੋ ਸਕਦੇ। 'ਸੱਚ' ਹਿੰਦੂ, ਮੁਸਲਮਾਨ, ਸਿੱਖ, ਈਸਾਈ ਸਭ ਦਾ ਸਾਂਝਾ ਹੈ। ਜਿਵੇਂ ਪ੍ਰਭੂ ਦੀਆਂ ਦਾਤਾਂ—ਹਵਾ, ਪਾਣੀ, ਰੌਸ਼ਨੀ ਆਦਿ ਸਭ ਦੀਆਂ ਸਾਂਝੀਆਂ ਹਨ ਉਸੇ ਤਰ੍ਹਾਂ ਸੱਚਾ ਧਰਮ ਵੀ ਸਭ ਦਾ ਸਾਂਝਾ ਹੈ।

—ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥੨॥੧੦। (੪੬੮)
—ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥ਰਹਾਉ॥ (੬੧੦)
—ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ।੭॥ (੭੫੭)
—ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥੬॥੩॥ (੨੬੬)

ਇਨ੍ਹਾਂ ਪ੍ਰਮਾਣਾਂ ਤੋਂ ਸਿਧ ਹੋਇਆ ਕਿ ਧਰਮ ਦਾ ਆਸ਼ਾ ਉਦੇਸ਼ ਸਰਬ-ਮੇਲ੍ਹ ਤੇ ਸਾਰੀ ਮਾਨਵਤਾ ਨੂੰ ਏਕਤਾ ਦੀ ਲੜੀ ਵਿਚ ਪਰੋਣਾ ਹੈ, ਪਰ ਸਿਆਸਤ ਮਨੁਖਾਂ ਵਿਚ ਸ਼ਰੇਣੀ-ਵੰਡ ਤੇ ਵਖਰੇ ਵਖਰੇ ਸਿਆਸੀ ਉਦੇਸ਼ ਦੱਸ ਕੇ ਉਨ੍ਹਾਂ ਨੂੰ ਆਪੋ ਵਿਚ ਲੜਾਉਂਦੀ ਹੈ। ਜਿਵੇਂ ਅੰਮ੍ਰਿਤ ਜੀਆ ਦਾਨ ਦਿੰਦਾ ਹੈ, ਪਰ ਜ਼ਹਿਰ ਸਭ ਨੂੰ ਮਾਰਦੀ ਹੈ। ਇਸੇ ਤਰ੍ਹਾਂ ਧਰਮ ਸਰਬੱਤ ਦਾ ਭਲਾ ਲੋਚਦਾ ਹੈ ਅਤੇ ਸਿਆਸਤ ਸਭ ਨੂੰ ਇਕ ਦੂਜੇ ਨਾਲ ਲੜਨ ਭਿੜਨ ਤੇ ਮਰਨ ਮਾਰਨ ਦੀ ਪ੍ਰੇਰਨਾ ਕਰਦੀ ਹੈ। ਇਸ ਕਰਕੇ ਜਦੋਂ ਧਰਮ ਤੇ ਸਿਆਸਤ ਨੂੰ ਇਕ ਦੂਜੇ ਨਾਲ ਮਿਲਾਉਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਮਨੁਖਤਾ ਵਿਚ ਝਗੜੇ ਝਮੇਲੇ ਵਧਦੇ ਹਨ। ਸਿਖ ਕੌਮ ਵਿਚ ਅੱਜ ਜਿਹੜਾ ਨਿਘਾਰ (ਗਿਰਾਵਟ) ਆਇਆ ਹੈ ਉਸਦਾ ਮੁਖ ਕਾਰਨ ਇਹੋ ਹੈ ਕਿ ਸਿਖ ਵਿਦਵਾਨਾਂ ਨੇ ਅੱਜ ਤੱਕ ਧਰਮ ਤੇ ਸਿਆਸਤ ਨੂੰ ਇਕ ਦੂਜੇ ਤੋਂ ਵਖ ਰਖਣ ਦੀ ਜਾਚ ਨਹੀਂ ਸਿਖੀ। ਜੇ ਕਿਸੇ ਸਿਖ ਵਿਦਵਾਨ ਨੇ ਕਦੇ ਧਰਮ ਤੇ ਸਿਆਸਤ ਨੂੰ ਵਖ ਰਖਣ ਦੀ ਸਲਾਹ ਦਿਤੀ ਤਾਂ ਉਸ ਨੂੰ ਧਰਮ ਦਾ ਵਿਰੋਧੀ ਅਤੇ ਕੌਮ ਦਾ ਦੁਸ਼ਮਨ ਕਹਿ ਕੇ ਭੰਡਿਆ ਗਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਤਿੰਨ ਸੌਵੇਂ ਸ਼ਹੀਦੀ ਦਿਵਸ ਦੇ ਅਵਸਰ ਤੇ ਪਟਿਆਲੇ ਵਿਖੇ ਹੋਇ ਇਕ ਸਮਾਗਮ ਵਿਚ ਭਾਈ ਜੋਧ ਸਿੰਘ ਜੀ ਨੇ ਇਹ ਵਿਚਾਰ ਪੇਸ਼ ਕੀਤੇ ਕਿ ਸਿਖਾਂ ਨੂੰ ਧਰਮ ਤੇ ਸਿਆਸਤ ਨੂੰ ਵਖ ਕਰਨ ਬਾਰੇ ਸੋਚਣਾ ਚਾਹੀਦਾ ਹੈ ਤਾਂ ਸੁਰਗਵਾਸੀ ਸਿਰਦਾਰ ਕਪੂਰ ਸਿੰਘ ਜੀ ਨੇ ਉਨ੍ਹਾਂ ਵਿਰੁਧ ਬਹੁਤ ਜ਼ਿਆਦਾ ਦੂਸ਼ਨਬਾਜ਼ੀ ਕੀਤੀ ਅਤੇ ਲੰਬੇ ਲੰਬੇ ਲੇਖ ਲਿਖੇ।

੧੯੩੫-੩੬ ਵਿਚ ਸਿਖ ਲੀਡਰਾਂ ਨੇ ਇਹ ਫ਼ੈਸਲਾ ਕੀਤਾ ਸੀ ਕਿ "ਸਰਬ ਹਿੰਦ ਸਿਖ ਮਿਸ਼ਨ" ਨਾਮ ਦੀ ਇਕ ਨਿਰੋਲ ਧਾਰਮਕ ਸੰਸਥਾ ਕਾਇਮ ਕੀਤੀ ਜਾਵੇ, ਜਿਸ ਨੂੰ ਸਾਰੀ ਸਿਖ ਕੌਮ ਸਮਰਥਨ ਦੇਵੇ ਅਤੇ ਉਹ ਭਾਰਤ



www.AKJ.Org

ਦੇ ਸਾਰੇ ਸੂਬਿਆਂ ਵਿਚ ਸਿਖ ਮਿਸ਼ਨ ਖੋਲ੍ਹ ਕੇ ਸਾਰਾ ਜ਼ੋਰ ਧਰਮ ਪ੍ਰਚਾਰ ਤੇ ਲਾਵੇ । ਇਹ ਉਹ ਸਮਾਂ ਸੀ ਜਦੋਂ ਡਾ: ਅੰਬੇਦਕਰ ਨੇ ਇਹ ਐਲਾਨ ਕੀਤਾ ਸੀ ਕਿ ਭਾਰਤ ਦੇ ਸਾਰੇ ਅਛੂਤ ਜਾਤੀਆਂ ਦੇ ਲੋਕ ਹੁਣ ਹਿੰਦੂ ਨਹੀਂ ਰਹਿਣਗੇ, ਉਹ ਕੋਈ ਨਵਾਂ ਧਰਮ ਗ੍ਰਹਿਣ ਕਰਨ ਬਾਰੇ ਸੋਚ ਰਹੇ ਹਨ। ਉਸ ਸਮੇਂ ਹਿੰਦੂ ਲੀਡਰਾਂ ਦੇ ਇਕ ਬਹੁਤ ਤਕੜੇ ਧੜੇ ਨੇ, ਜਿਸ ਦੇ ਆਗੂ ਪੰਡਤ ਮਦਨ ਮੋਹਨ ਮਾਲਵੀਆ, ਡਾ: ਮੁੰਜੇ, ਅਤੇ ਸੇਠ ਬਿਰਲਾ ਆਦਿ ਸਨ, ਸਿਖ ਲੀਡਰਾਂ ਨੂੰ ਇਹ ਪ੍ਰੇਰਨਾ ਦਿਤੀ ਕਿ ਉਹ ਸਾਰੇ ਭਾਰਤ ਵਿਚ ਵਸਦੇ ਅਛੂਤਾਂ ਨੂੰ ਸਿਖ ਬਨਾਉਣ ਲਈ ਬਹੁਤ ਵਡੀ ਪਧਰ ਤੇ ਧਰਮ ਪ੍ਰਚਾਰ ਦੀ ਲਹਿਰ ਚਲਾਉਣ; ਉਨ੍ਹਾਂ ਨੂੰ ਹਰ ਪ੍ਰਕਾਰ ਦਾ ਸਮਰਥਨ ਦਿਤਾ ਜਾਵੇਗਾ। ਇਸ ਉਦੇਸ਼ ਦੀ ਪੂਰਤੀ ਲਈ ਅਕਾਲੀ ਮਾਰਕੀਟ ਵਿਚ ਇਕ ਬਹੁਤ ਵਡਾ ਧਾਰਮਕ ਸੰਮੇਲਨ ਹੋਇਆ, ਜਿਸ ਵਿਚ ਸਿਖਾਂ ਦੇ ਸਾਰੇ ਧੜੇ ਅਤੇ ਸਾਰੀਆਂ ਸੰਪ੍ਰਦਾਵਾਂ ਸ਼ਾਮਲ ਹੋਈਆਂ। ਅਸਲ ਵਿਚ ਉਹ ਸਰਬੱਤ ਖਾਲਸਾ ਦਾ ਇਕੱਠ ਸੀ, ਜਿਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਧਰਮ ਤੇ ਸਿਆਸਤ ਨੂੰ ਵਖ ਵਖ ਰਖਿਆ ਜਾਵੇ। ਭਾਵ ਸ਼੍ਰੋ: ਅਕਾਲੀ ਦਲ, ਸ਼੍ਰੋ: ਕਮੇਟੀ, ਚੀਫ ਖਾਲਸਾ ਦੀਵਾਨ ਅਤੇ ਸਿਖਾਂ ਦੇ ਸਾਰੇ ਰਾਜੇ ਮਹਾਰਾਜੇ ਸਾਰੇ ਮਤਭੇਦ ਭੁਲਾ ਕੇ ਸਰਬ ਹਿੰਦ ਸਿਖ ਮਿਸ਼ਨ ਨੂੰ ਸਪੋਰਟ ਕਰਨ ਅਤੇ ਇਸ ਸੰਸਥਾ ਨੂੰ ਚਲਾਉਣ ਵਾਲੇ ਸਜਣ ਸਿਆਸਤ ਤੋਂ ਬਿਲਕੁਲ ਵਖ ਰਹਿਣ। ਇਸ ਸੰਮੇਲਨ ਵਿਚ ਡਾ: ਅੰਬੇਦਕਰ ਵੀ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਐਲਾਨ ਕੀਤਾ ਕਿ ਅਸੀਂ ਸਿਖ ਧਰਮ ਗ੍ਰਹਿਣ ਕਰਨ ਬਾਰੇ ਸੋਚ ਵਿਚਾਰ ਕਰ ਰਹੇ ਹਾਂ। ਉਨ੍ਹਾਂ ਦੇ ਕਹਿਣ ਉਤੇ ਖਾਲਸਾ ਕਾਲਜ ਬੰਬਈ ਖੋਲ੍ਹਿਆ ਗਿਆ ਤੇ ਮਾਲਾਬਾਰ ਵਿਚ ਸਿਖ ਮਿਸ਼ਨ ਕਾਇਮ ਕੀਤਾ ਗਿਆ।

ਜੇ ਉਸ ਸਮੇਂ ਦੇ ਸਾਰੇ ਸਿਖ ਨੇਤਾ ਇਸ ਫੈਸਲੇ ਉਤੇ ਕਾਇਮ ਰਹਿੰਦੇ ਤਾਂ ਕਰੋੜਾਂ ਲੋਕਾਂ ਨੂੰ ਸਿਖ ਬਣਾਇਆ ਜਾ ਸਕਦਾ ਸੀ; ਪਰ ਹੋਇਆ ਇਹ ਕਿ ਉਸ ਸਮੇਂ ਦੇ ਸਿਖਾਂ ਦੇ ਦੋਂਹ ਵਡੇ ਧੜਿਆਂ ਸ਼੍ਰੋਮਣੀ ਅਕਾਲੀ ਦਲ ਤੇ ਚੀਫ ਖਾਲਸਾ ਦੀਵਾਨ ਵਿਚਕਾਰ ਬਟਾਲੇ ਦੀ ਜ਼ਿਮਨੀ ਚੋਣ ਵਿਚ ਟਕਰਾਉ ਪੈਦਾ ਹੋ ਗਿਆ ਅਤੇ ਚੀਫ ਖਾਲਸਾ ਦੀਵਾਨ ਦੇ ਧਨਾਢ ਸਿਖਾਂ ਨੇ ਤੇ ਰਾਜੇ ਮਹਾਰਾਜਿਆਂ ਨੇ ਸਰਬ ਹਿੰਦ ਸਿਖ ਮਿਸ਼ਨ ਲਈ ਜੋ ਪੰਜ ਲੱਖ ਰੁਪਏ ਦੀਆਂ ਇਕਰਾਰੀ ਰਕਮਾਂ ਦਾਨ ਦੇਣ ਲਈ ਲਿਖਵਾਈਆਂ ਸਨ, ਉਨ੍ਹਾਂ ਤੋਂ ਉਹ ਇਹ ਕਹਿ ਕੇ ਮੁਕਰ ਗਏ ਕਿ ਅਕਾਲੀ ਇਹ ਪੈਸਾ ਚੋਣਾਂ ਵਿਚ ਖਰਚ ਕਰ ਕੇ ਸਾਨੂੰ ਹਰਾ ਦੇਣਗੇ। ਭਾਵ ਇਹ ਹੈ ਕਿ ਧਰਮ ਤੇ ਸਿਆਸਤ ਨੂੰ ਵਖ ਵਖ ਰਖਣ ਬਾਰੇ ਜੋ ਸੁਚੱਜਾ ਫੈਸਲਾ ਸਾਰੇ ਸਿਖ ਲੀਡਰਾਂ ਨੇ ਕੀਤਾ ਸੀ, ਸਿਆਸਤ ਦੇ ਚੱਕਰ ਵਿਚ ਪੈ ਕੇ ਉਹ ਉਸ ਉਤੇ ਕਾਇਮ ਨਾ ਰਹੇ। ਇਸ ਵਿਚ ਕਿਸ ਦਾ ਕਿਤਨਾ ਦੋਸ਼ ਹੈ, ਇਸ ਬਹਿਸ ਵਿਚ ਪੈਣ ਦੀ ਲੋੜ ਨਹੀਂ।

ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਸਿਆਸਤ ਵਿਚ ਹਰੇਕ ਉਤੇ ਸ਼ੱਕ ਕਰਨਾ ਤੇ ਉਸ ਉਤੇ ਭਰੋਸਾ ਨਾ ਕਰਨਾ ਸਿਖਾਇਆ ਜਾਂਦਾ ਹੈ, ਪਰ ਧਰਮ ਦੀ ਨੀਂਹ ਭਰੋਸੇ ਉਤੇ ਹੁੰਦੀ ਹੈ । ਜਦੋਂ ਕਿਸੇ ਕੌਮ ਦੇ ਲੀਡਰ ਸਿਆਸਤ ਦੇ ਚੱਕਰ ਵਿਚ ਫਸ ਜਾਂਦੇ ਹਨ ਤਾਂ ਉਨ੍ਹਾਂ ਨੂੰ ਇਕ ਦੂਜੇ ਉਤੇ ਭਰੋਸਾ ਨਹੀਂ ਰਹਿੰਦਾ ਅਤੇ ਉਹ ਕਿਸੇ ਵੀ ਪੱਖ ਤੋਂ ਕੌਮ ਨੂੰ ਉਸਾਰੂ ਸੇਧ ਨਹੀਂ ਦੇ ਸਕਦੇ। ਅਜ ਫਿਰ ਸਿਖ ਕੌਮ ਖੇਰੂੰ ਖੇਰੂੰ ਹੋਈ ਪਈ ਹੈ। ਇਸ ਦਾ ਮੁਖ ਕਾਰਨ ਇਹ ਹੈ ਕਿ ਸਿਖਾਂ ਨੂੰ ਧਰਮ ਨਾਲੋਂ ਧੜਾ ਪਿਆਰਾ ਹੋ ਗਿਆ ਹੈ। ਭਾਵ, ਧਰਮ ਦਾ ਪ੍ਰਭਾਵ ਘਟ ਗਿਆ ਹੈ ਤੇ ਸਿਆਸਤ ਦਾ ਪ੍ਰਭਾਵ ਹਰੇਕ ਸਿਖ ਨੇਤਾ ਉਤੇ ਭਾਰੂ ਹੈ। ਇਸ ਹਾਲਤ ਉਤੇ ਇਹ ਸ਼ਿਅਰ ਕਿਤਨਾ ਢੁਕਦਾ ਹੈ—

ਇਕ ਚਾਕ ਹੋ ਤੋ ਸੀ ਲੂੰ ਹਮਦਮ ਗਿਰੇਬਾਂ ਅਪਨਾ।
ਜ਼ਾਲਮ ਨੇ ਫਾੜ ਡਾਲਾ ਇਹ ਤਾਰ ਤਾਰ ਕਰ ਕੇ।

ਧਰਮ ਤੇ ਸਿਆਸਤ ਨੂੰ ਵਖ ਕਰਨ ਦੇ ਕਈ ਲੋਕ ਬਹੁਤ ਉਲਟੇ ਅਰਥ ਕਢਦੇ ਹਨ। ਉਹ ਇਹ ਸਮਝਦੇ ਹਨ ਕਿ ਸਿਖਾਂ ਨੂੰ ਇਕ ਚੀਜ਼ ਛਡਣ ਲਈ ਕਿਹਾ ਜਾ ਰਿਹਾ ਹੈ ਕਿ ਜਾਂ ਉਹ ਧਰਮ ਰਖਣ ਜਾਂ ਸਿਆਸਤ, ਦੋਵੇਂ ਨਹੀਂ ਰਖ ਸਕਦੇ। ਇਹ ਬਹੁਤ ਵਡੀ ਭੁਲੇਖਾ-ਪਾਊ ਗੱਲ ਹੈ। ਕਿਸੇ ਵੀ ਕੌਮ ਨੂੰ ਧਰਮ ਤੇ ਸਿਆਸਤ ਦੋਹਾਂ ਨੂੰ ਕਾਇਮ ਰਖਣ ਦਾ ਹੱਕ ਹੈ। ਦੋਹਾਂ ਨੂੰ ਵਖ ਕਰਨ ਦਾ ਭਾਵ ਇਹ ਹੈ ਕਿ ਜਿਵੇਂ ਸਰਕਾਰ ਇਕ ਹੁੰਦੀ ਹੈ ਪਰ ਉਸ ਦੇ ਵਿਭਾਗਕ ਅਦਾਰੇ ਵਖ ਵਖ ਹੁੰਦੇ ਹਨ—ਐਜੂਕੇਸ਼ਨ, ਸਿਹਤ, ਆਰਥਕ-ਉਸਾਰੀ, ਤੇ ਸਨਅਤੀ ਵਿਕਾਸ, ਆਦਿ;



www.AKJ.Org

ਇਸੇ ਤਰ੍ਹਾਂ ਜੇ ਸਿਆਸੀ ਕੰਮ ਕਰਨ ਵਾਲੇ ਲੋਕ ਸਿਆਸੀ ਜਥੇਬੰਦੀ ਦੇ ਮੈਂਬਰ ਹੋਣ ਤੇ ਧਾਰਮਕ ਪ੍ਰਚਾਰ ਕਰਨ ਵਾਲੇ ਨਿਰੋਲ ਧਾਰਮਕ ਜਥੇਬੰਦੀ ਦੇ, ਅਤੇ ਦੋਵੇਂ ਸੰਸਥਾਵਾਂ ਇਕ ਦੂਜੀ ਦੇ ਕੰਮ ਵਿਚ ਦਖ਼ਲ ਨਾ ਦੇਣ ਤਾਂ ਕੰਮ ਬਖ਼ੂਬੀ ਚਲ ਸਕਦਾ ਹੈ। ਜਿਵੇਂ ਧਾਰਮਕ ਲੋਕ ਕਹਿੰਦੇ ਹਨ ਕਿ ਕੋਈ ਵੀ ਮਨੁਖ ਸੋਨੇ ਤੇ ਰੱਬ ਦੀ ਇਕੋ ਸਮੇਂ ਪੂਜਾ ਨਹੀਂ ਕਰ ਸਕਦਾ। ਗੁਰਬਾਣੀ ਕਹਿੰਦੀ ਹੈ ਕਿ—

ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ ॥੨॥...
ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ ॥੩॥੩੪॥ (੮੦੯)

ਸਿਆਸਤ ਦੇ ਪ੍ਰਭਾਵ ਵਿਚ ਗ੍ਰਸੇ ਹੋਏ ਲੋਕ ਪੈਸੇ ਦੇ ਪੁਤ ਹੁੰਦੇ ਹਨ। ਉਨ੍ਹਾਂ ਦਾ ਮਨੋਰਥ ਹਰ ਹੀਲਾ ਵਸੀਲਾ ਵਰਤ ਕੇ ਸਿਆਸੀ ਤਾਕਤ ਹਾਸਲ ਕਰਨਾ ਹੁੰਦਾ ਹੈ, ਪ੍ਰੰਤੂ ਧਾਰਮਕ ਭਾਵਨਾ ਨੂੰ ਪਹਿਲ ਦੇਣ ਵਾਲੇ ਮਨੁਖ ਪ੍ਰਭੂ-ਪਿਆਰ ਤੇ ਉਚੇ ਆਚਰਨ ਨੂੰ ਪਹਿਲ ਦਿੰਦੇ ਹਨ। ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਮਹਾਂਵਾਕ ਹੈ—

ਜੇ ਧਰਤੀ ਸਭ ਕੰਚਨੁ ਕਰਿ ਦੀਜੈ, ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥੭॥ (੪੪੪)

ਭਗਤ ਕਬੀਰ ਜੀ ਕਹਿੰਦੇ ਹਨ—

ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ ॥
ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ ॥੪॥ (੩੩੬)

ਭਾਵ, ਹੇ ਹੰਕਾਰ ਵਿਚ ਮੱਤੇ ਰਾਜਨ! ਜ਼ਰਾ ਸੋਚ ਕੇ ਵੇਖ, ਜੇ ਤੇਰੇ ਘਰ ਲਖਾਂ ਕਰੋੜਾਂ ਹਾਥੀ ਤੇ ਘੋੜੇ ਹਨ ਤਾਂ ਮੇਰੇ ਪਾਸ ਇਕ ਪ੍ਰਮਾਤਮਾ ਹੈ, ਜੋ ਸਾਰੀ ਕਾਇਨਾਤ ਦਾ ਮਾਲਕ ਹੈ। ਫਿਰ ਦੱਸ, ਤੇਰੀ ਤਾਕਤ ਵਡੀ ਹੈ ਕਿ ਮੇਰੀ? ਅੱਜ ਕਲ੍ਹ ਸਿਖਾਂ ਵਿਚ ਇਸ ਗੱਲ ਦਾ ਬਹੁਤ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ—

ਰਾਜ ਬਿਨਾ ਨਹਿ ਧਰਮ ਚਲੇ ਹੈਂ। ਧਰਮ ਬਿਨਾ ਸਭ ਦਲੇ ਮਲੇ ਹੈਂ।

ਪ੍ਰੰਤੂ ਸੰਸਾਰ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਜਿਨ੍ਹਾਂ ਮਹਾਂ ਪੁਰਖਾਂ ਨੇ ਧਰਮ ਚਲਾਏ ਉਨ੍ਹਾਂ ਪਾਸ ਕੋਈ ਰਾਜ-ਭਾਗ ਨਹੀਂ ਸੀ। ਹਜ਼ਰਤ ਈਸਾ, ਹਜ਼ਰਤ ਮੁਹੰਮਦ, ਗੁਰੂ ਨਾਨਕ ਕਿਹੜੇ ਰਾਜ ਦੇ ਮਾਲਕ ਸਨ? ਉਨ੍ਹਾਂ ਨੇ ਤਾਂ ਉਸ ਸਮੇਂ ਦੇ ਰਾਜਿਆਂ ਬਾਦਸ਼ਾਹਾਂ ਦਾ ਸਖ਼ਤ ਵਿਰੋਧ ਕੀਤਾ। ਪ੍ਰਹਿਲਾਦ ਤੇ ਧ੍ਰੂਅ ਦੀਆਂ ਸਾਖੀਆਂ ਸਾਬਤ ਕਰਦੀਆਂ ਹਨ ਕਿ ਉਨ੍ਹਾਂ ਦੇ ਪਿਤਾ ਪਾਸ ਰਾਜ ਭਾਗ ਸੀ ਤੇ ਉਨ੍ਹਾਂ ਭਗਤਾਂ ਕੋਲ ਕੇਵੱਲ ਧਰਮ ਦਾ ਜਜ਼ਬਾ। ਜਿਤ ਧਰਮ ਦੀ ਹੋਈ। ਮੁਗ਼ਲਾਂ ਨੇ ਰਾਜ-ਬਲ ਨਾਲ ਹਿੰਦੂਆਂ ਦਾ ਧਰਮ ਖੋਹਣ ਦੀ ਕੋਸ਼ਿਸ਼ ਕੀਤੀ ਪਰ ਉਹ ਫ਼ੇਲ੍ਹ ਹੋਏ, ਤੇ ਹਿੰਦੂ ਧਰਮ ਅਜ ਵੀ ਕਾਇਮ ਹੈ। 'ਤਪੋਂ ਰਾਜ, ਰਾਜੋਂ ਨਰਕ' ਦੀ ਅਖੌਤ ਪ੍ਰਸਿਧ ਹੈ। ਜਦੋਂ ਕਿਸੇ ਕੋਲ ਰਾਜ-ਸਤਾ ਆ ਜਾਂਦੀ ਹੈ ਤੇ ਉਹ ਧਰਮ ਵਲੋਂ ਮੂੰਹ ਮੋੜ ਲੈਂਦਾ ਹੈ ਤਾਂ ਉਹ ਨਰਕਾਂ ਦਾ ਭਾਗੀ ਹੁੰਦਾ ਹੈ। ਧਰਮ ਸਦਾ ਹੀ ਰਾਜਸੀ ਸਤਾ ਵਾਲਿਆਂ ਦੇ ਜ਼ੁਲਮ ਨੂੰ ਵੰਗਾਰਦਾ ਤੇ ਪਛਾੜਦਾ ਰਿਹਾ ਹੈ।

ਜਦੋਂ ਵੀ ਧਰਮ ਤੇ ਰਾਜਸੀ ਸੱਤਾ ਵਿਚ ਟਕਰਾਉ ਹੋਇਆ, ਧਰਮ ਦੀ ਫਤਿਹ ਹੁੰਦੀ ਰਹੀ ਹੈ। ਇਸ ਲਈ ਸਿਆਸਤ ਨੂੰ ਧਰਮ ਦੀ ਸਹਾਇਤਾ ਦੀ ਲੋੜ ਪੈ ਸਕਦੀ ਹੈ, ਪਰ ਧਰਮ ਨੂੰ ਰਾਜਸੀ ਸਤਾ ਦੀ ਮੁਥਾਜੀ ਕਦੇ ਵੀ ਨਹੀਂ ਹੋਈ। ਆਤਮਕ ਬਲ ਇਤਨਾ ਪ੍ਰਭਾਵ-ਸ਼ਾਲੀ ਹੈ ਕਿ ਰਾਜ-ਬਲ ਉਸਦੇ ਅਗੇ ਹਮੇਸ਼ਾ ਝੁਕਦਾ ਰਿਹਾ ਹੈ। ਇਸ ਘਸਵੱਟੀ ਤੇ 'ਰਾਜ ਬਿਨਾ ਨਹਿ ਧਰਮ ਚਲੇ ਹੈਂ' ਦਾ ਵਿਚਾਰ ਪੂਰਾ ਨਹੀਂ ਉਤਰਦਾ। ਧਾਰਮਕ ਲੋਕਾਂ ਨੂੰ ਤਾਂ ਪ੍ਰਮਾਤਮਾ ਇਹ ਭਰੋਸਾ ਦਿਵਾਉਂਦਾ ਹੈ ਕਿ—

ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥ (੧੩੮੨)

ਅਥਵਾ—ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥ (ਜਪੁਜੀ)

ਸੱਚੇ ਧਰਮੀ ਲੋਕ, ਲੋਕਾਂ ਦੇ ਦਿਲਾਂ ਉਤੇ ਰਾਜ ਕਰਦੇ ਹਨ ਅਤੇ ਦੁਨਿਆਵੀ ਰਾਜੇ ਲੋਕਾਂ ਦੇ ਜਿਸਮ ਉਤੇ। ਇਸ ਕਰਕੇ ਸਿਖ ਕੌਮ ਦਾ ਵਕਾਰ ਜੇ ਬਹਾਲ ਕਰਨਾ ਹੈ ਤਾਂ ਉਨ੍ਹਾਂ ਲੋਕਾਂ ਨੇ ਕਰਨਾ ਹੈ ਜਿਹੜੇ ਧਰਮ ਨੂੰ ਪਹਿਲ ਦੇਣਗੇ ਅਤੇ ਆਪਣੇ ਦਿਲ ਵਿਚ ਪ੍ਰਭੂ-ਪਿਆਰ ਤੇ ਸਿਮਰਨ ਦੀ ਸ਼ਕਤੀ ਪੈਦਾ ਕਰਨਗੇ।


www.AKJ.Org

# ਖਾਲਸਈ ਹਲੇਮੀ ਰਾਜ

ਭਾ: ਸਾ: ਭਾਈ ਰਣਧੀਰ ਸਿੰਘ ਜੀ ਗੁ: ਟਾਹਲੀ ਸਾਹਿਬ ਵਿਖੇ ੧੯੪੮ ਵਿਚ ਹੋਈ ਪੰਥਕ ਕਾਨਫਰੰਸ ਸਮੇਂ ਪ੍ਰਧਾਨਗੀ ਐਡਰੈਸ ਵਿਚ 'ਖਾਲਸਾ ਜੀ ਦਾ ਰਾਜਸੀ ਉਚ ਆਦਰਸ਼' ਇਉਂ ਦਰਸਾਂਦੇ ਹਨ—

''ਰਾਜੁ ਨ ਚਾਹਉ ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਨ ਕਮਲਾਰੇ ॥੧॥੩॥ (੫੩੪)

''ਨਿਰੰਕਾਰੀ ਪ੍ਰੀਤ ਅਗੰਮੀ ਦੇ ਉਚ ਪ੍ਰਮਾਰਥੀਆਂ ਅਤੇ ਨਿਰਾਕਾਰ ਚਰਨ ਕਮਲਾਰ ਦੇ ਦਰਸ਼ਨ-ਭੰਵਰਾਰਥੀਆਂ ਨੂੰ ਸਚਮੁਚ ਰਾਜ-ਸਾਜੀ ਮੁਕਤਿ ਪਾਜੀ ਚਾਹਨਾ ਹੀ ਨਹੀਂ ਉਪਜਦੀ । ਐਜ ਮਸਤੌਜੀ ਮਉਜ ਵਿਚ ਉਹਨਾਂ ਨੂੰ ਇਸ ਬਪੜੀ ਚਾਹਨਾ ਦਾ ਫੁਰਨਾ ਹੀ ਨਹੀਂ ਫੁਰਦਾ। ਉਨ੍ਹਾਂ ਦੇ ਸਾਹਮਣੇ ਸਗਲ ਸ੍ਰਿਸ਼ਟੀ ਦਾ ਰਾਜ ਅਤੇ ਸੁਰਗ-ਬਾਂਛਾਰੀ ਮੁਕਤਿ ਮੁਕਤਾਜ ਸਭ ਹੇਚ ਹੈ। ਇਹ ਦੁਨੀਆਵੀ ਸਿਕਦਾਰੀਆਂ ਗਿਰੇਬਾਰੀਆਂ ਅਤੇ ਫੋਕੀ ਲੀਡਰੀ ਦੀਆਂ ਨਾਮਵਰੀਆਂ ਸਭ ਤੁਛ ਹਨ। ਰਾਜ ਭਾਗ ਦਾ ਤ੍ਰਿਸ਼ਨਾਲੂ ਹੋਣਾ ਗੁਰਮਤਿ ਧਰਮ ਦੇ ਪ੍ਰਮਾਰਥ ਤੋਂ ਪ੍ਰਤਿਕੂਲ ਹੈ।......

''ਗੁਰਮਤਿ ਧਰਮ ਅੰਦਰ ਰਾਜਗੀਰੀ ਦੀ ਹਵਸ ਦਾ ਨਾਮ ਨਿਸ਼ਾਨ ਨਹੀਂ। ਹਾਂ, ਰਾਜ਼ਗਰਦੀ ਨੂੰ ਪ੍ਰਬੋਧਣਾ ਅਤੇ ਅਧਰਮੀਆਂ ਅਪਦ੍ਵੀਆਂ ਨੂੰ ਸੋਧਣਾ, ਅਤੇ ਇਸ ਸੋਧ ਪ੍ਰਬੋਧ ਕੇ ਹਲੇਮੀ ਰਾਜ ਵਿਥਾਰਨਾ, ਪੂਰਨ ਪ੍ਰਮਾਰਥੀ ਗੁਰਮਤਿ ਹੈ।

''ਅਜ਼ਾਦੀ ਤਿਨ੍ਹਾਂ ਨੇ ਹੀ ਕਾਇਮ ਦਾਇਮ ਰਖਣੀ ਹੈ ਜਿਨ੍ਹਾਂ ਨੂੰ ਰਾਜ ਕਰਨ ਦੀ ਕੋਈ ਤ੍ਰਿਸ਼ਨਾ ਨਹੀਂ, ਜਿਨ੍ਹਾਂ ਨੂੰ ਰਾਜਸੀ ਮਾਣ-ਵਡਿਆਈ ਪ੍ਰਤਿਸ਼ਟਾ ਦੀ ਕੋਈ ਲਾਲਸਾ ਨਹੀਂ, ਜਿਨ੍ਹਾਂ ਦੇ ਦਿਲੋ-ਦਿਮਾਗ ਅੰਦਰ ਕੋਈ ਲੀਡਰੀ ਵਜ਼ੀਰੀ ਅਮੀਰੀ ਦਾ ਮੇਨੀਆ (mania) ਨਹੀਂ ਲਗਿਆ ਹੋਇਆ। ਰਾਜ-ਗਰਦੀ ਮਿਟਾਉਣ ਲਈ, ਜ਼ੁਲਮ ਤੇ ਜਬਰ ਨੂੰ ਨੇਸਤੋ-ਨਾਬੂਦ ਕਰਨ ਲਈ, ਦੁਸ਼ਟਾਂ ਉਤਪਾਤੀਆਂ ਸਕਲ ਮਲੇਛਾਂ ਨੂੰ ਧਰਮ-ਯੁਧ ਕਰ ਕੇ ਖੈ ਕਰਨ ਦਾ ਸੱਚਾ ਤੇ ਸੁੱਚਾ ਚਾਉ ਉਮਾਹ ਹੈ। ਇਹ ਚਾਉ ਉਮਾਉ ਉਨ੍ਹਾਂ ਧਰਮੀ ਜੀਊੜਿਆਂ ਦੇ ਅੰਦਰ ਹੀ ਹੁੰਦਾ ਹੈ ਜੋ ਪ੍ਰਮਾਰਥੀ ਪ੍ਰੇਮ ਨਾਲ ਪਰੋਤੇ ਹੋਏ, ਪ੍ਰੀਤਮ ਪਰਮਾਤਮਾ ਨਾਲ ਇਕ-ਮਿਕ ਹੋਏ ਹੁੰਦੇ ਹਨ, ਅਤੇ ਜਿਨ੍ਹਾਂ ਦੇ ਹਿਰਦੇ ਨਿਸ਼ਕਾਮਤਾ ਪੂਰਤ ਪ੍ਰੇਮਾ-ਭਗਤੀ ਨਾਲ ਬੇਧੇ ਹੋਏ ਹੁੰਦੇ ਹਨ—

ਜਿਨ ਸਰਧਾ ਰਾਮ ਨਾਮਿ ਲਾਗੀ ਤਿਨ੍ ਦੂਜੈ ਚਿਤੁ ਨ ਲਾਇਆ ਰਾਮ ॥
ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥੭॥ (੪੪੪)

ਅਜਿਹੇ ਕੰਚਨ ਮਾਟੀ ਸਮਾਨ ਕਰ ਜਾਨਣ ਵਾਲੇ ਨਿਰੰਕਾਰੀ ਸ੍ਰਿਸ਼ਤ (ਖਸਲਤ) ਵਾਲੇ ਜਨਾਂ ਦੀ ਜਨਤਾ (ਕੌਮ) ਹੀ ਧਰਮ ਦਾ ਰਾਜ ਕਰ ਸਕਦੀ ਹੈ।''


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ,੭੭੨ਪੰਨੇ, ਸੁੰਦਰ ਦੱਖ) ੭-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ | | ਵਲੋਂ ਭਾਈ ਰਾਮ ਸਿੰਘ ਜੀ | ੧-੦੦ |
| ਗੁਰਬਾਣੀ ਰਹਿਤਨਾਮਾ | | ਸੰਗ੍ਰਹਿ ਕਰਤਾ—ਭਾਈ ਰਾਮ ਸਿੰਘ ਜੀ | ੧-੦੦ |
| ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੬ ਵਿਦਵਾਨਾਂ ਦੇ ਖੋਜ-ਭਰਪੂਰ ਲੇਖ) | | | ੧-੦੦ |





www.AKJ.Org

# ਦਰਦੀਓ ! ਉਠੋ !! ਪੰਥ ਬਚਾਵੋ !!!

[ਸ: ਅਤਰ ਸਿੰਘ 'ਨੀਰ' MIG 289 A/QU. ਪ੍ਰੀਤਮਪੁਰਾ ਦਿਲੀ—34]

ਸੁਣੋ ਲੀਡਰੋ ! ਸੁਣੋ ਲੀਡਰੋ ! ਦਰਦ ਭਰੀ ਅਵਾਜ਼ । ਸਬੀਲ ਕਰੋ ਕੋਈ ਸੋਚ ਸਮਝ ਕੇ, ਸੁਰ ਹੋ ਜਾਵੇ ਸਾਜ਼ ।
ਹਰ ਇਕ ਦੀ ਹੈ ਵਖਰੀ ਡਫਲੀ, ਵਖਰਾ ਅਜ ਹੈ ਰਾਗ । ਇਸ ਘਰ ਨੂੰ ਹੈ ਫੂਕੀ ਜਾਂਦਾ ਅਪਣਾ ਹੀ ਚਰਾਗ ।
ਕੌਮ ਦੇ ਲਈ ਕੋਈ ਦਰਦ ਨਹੀਂ ਹੈ, ਨਾ ਹੀ ਕੋਈ ਸਤਿਕਾਰ । ਨ ਹੀ ਧਰਮ ਦੇ ਲਈ ਕੋਈ ਸ਼ਰਧਾ ਹੁਬ ਪਿਆਰ ।
ਗੁਰੂ ਗਰੰਥ ਦੀ ਵਿਚ ਹਜ਼ੂਰੀ ਹੁੰਦਾ ਸਿਰ-ਫਟੋਲ । ਗਾਹਲ ਗਲੋਚ ਤੇ ਗੰਦੇ ਮੰਦੇ ਹੁੰਦੇ ਬੋਲ ਕਬੋਲ ।
ਅੰਨ੍ਹੇ ਖੂਹ ਵਿਚ ਸਿਟ ਰਹੇ ਹੋ ਕੌਮ ਨੂੰ ਸਾਰੇ ਮਿਲ । ਨਿਕਲਣ ਨੂੰ ਕੋਈ ਰਾਹ ਨਹੀਂ ਮਿਲਦਾ ਹਰ ਥਾਂ ਫੁਟ ਦੇ ਕਿਲ ।
ਅੰਦਰੋਂ ਹੋਰ ਤੇ ਬਾਹਰੋਂ ਹੋਰ, ਦਿਸਦੇ ਰੂਪ ਤੇ ਰੰਗ । ਕਹਿਣਾ ਹੋਰ ਤੇ ਕਰਨਾ ਹੋਰ, ਨਿਤ ਦਾ ਬਣਿਆ ਢੰਗ ।
ਨਿਤ ਦੀਆਂ ਚਾਲਾਂ ਹੈ ਵਿਗਾੜੀ ਕੌਮ ਸਾਰੀ ਦੀ ਨੁਹਾਰ । ਮਾਰਿਆ ਗਿਆ ਇਸੇ ਕਰਕੇ ਕੌਮ ਦਾ ਸਭ ਇਤਬਾਰ ।
ਦੁਨੀਆ ਦੇ ਵਿਚ ਸਿਖ ਕੌਮ ਦੀ ਬੜੀ ਸੀ ਉਚੀ ਥਾਂ । ਚੰਦਰੀ ਫੁਟ ਆਪਸ ਦੀ ਵੀਰੋ ਬਦਲ ਦਿਤਾ ਏ ਨਾਂ ।

ਤਰਸ ਕਰੋ ਹੁਣ ਤਰਸ ਕਰੋ ਮਨਾਂ 'ਚ ਕੰਘੀਆਂ ਮਾਰ । ਬੈਠੋ ਮਿਲ ਕੇ ਇਕ ਥਾਂ ਉਤੇ, ਹੋਰ ਨ ਕਰੋ ਖੁਆਰ ।
ਕੌਮ ਕਰੋ ਸਭ ਇਕ ਜੁਟ ਹੋ ਕੇ ਮੋਢਾ ਮੋਢ ਜੋੜ । ਨਮੋਸ਼ੀਆਂ ਤੇ ਬੇਇਜ਼ਤੀਆਂ ਜਾਸਨ ਕੌਮ ਦਾ ਪਿਛਾ ਛੋੜ ।
ਮੰਨੋ ਵਾਸਤਾ, ਛਡੋ ਤਫ਼ੱਰਕਾ, ਚਲੋ ਮਿਲ ਕੇ ਸਭ । ਪੈਰ ਚੁੰਮਣਗੀਆਂ ਕਾਮਯਾਬੀਆਂ, ਦੂਜੇ ਖਾਸਣ ਖੱਭ ।
ਸਿਰਫ਼ ਖ਼ੁਦਗਰਜ਼ੀ ਆਪਣੀ ਪਿਛੇ ਕੌਮ ਨ ਕਰੋ ਬਦਨਾਮ । ਜ਼ਿਦਾਂ ਛੋੜ ਕੇ ਜਫੀਆਂ ਪਾ ਲਉ ਪੰਥ ਦੇ ਲਈ ਤਮਾਮ ।
ਹਾਜ਼ਰ ਨਾਜ਼ਰ ਜਾਣਦੇ ਹੋਏ ਵੀ ਖੜ ਕੇ ਗੁਰੂ ਹਜ਼ੂਰ । ਹੇਰ ਫੇਰ ਦੀ ਗੱਲਾਂ ਕਰ ਕਰ ਗੁਰੂ ਤੋਂ ਕਰੋ ਦੂਰ ।

ਦਰਦੀਓ ਉਠੋ, ਪੰਥ ਬਚਾਵੋ, ਨਵੀਂ ਰੂਹ ਕੋਈ ਫੂਕ । ਵਕਤ ਸੰਭਾਲੋ ! ਵਕਤ ਸੰਭਾਲੋ ! ਸੁਣੋ ਪੰਥ ਦੀ ਹੂਕ ।
ਜਥੇਬੰਦੀ ਸਿਰਫ਼ ਇਕ ਸੀ, ਟੁਕੜੇ ਹੁਣ ਅਨੇਕ । ਤਾਹੀਓਂ ਗੁਰੂ ਅਸਥਾਨਾਂ ਅੰਦਰ ਗੋਲੀਆਂ ਕੀਤੇ ਛੇਕ ।
ਗੁਰੂ ਗਰੰਥ ਦੀ ਹੋਇ ਬੇਅਦਬੀ ਨਵੇਂ ਸੂਰਜ ਹੀ ਨਿਤ । ਕੀ ਤੇ ਕਿਹੀ ਸਿਖੀ ਰਹਿ ਗਈ, ਸੋਚੋ ਕਰ ਮਨ ਚਿਤ ।
ਗੁਰੂ-ਦਵਾਰ ਦੀ ਇਜ਼ਤ ਕੋਈ ਨ, ਸੇਵਾ ਨਹੀਂ ਸੰਭਾਲ । ਸੰਗਤਾਂ ਬੈਠ ਘਰਾਂ ਵਿਚ ਰਹੀਆਂ ਹਾਲੋਂ ਹੋ ਬੇਹਾਲ ।
ਦੇਸ਼ ਦੇ ਲਈ ਕੁਰਬਾਨੀ ਕੀਤੀ, ਦੇਸ਼ ਲਈ ਕੀਤਾ ਕੰਮ । ਸਿਰਫ਼ ਆਪਸ ਦੀ ਫੁਟ ਭੈੜੀ ਕੀਤਾ ਸਭ ਖ਼ਤਮ ।
ਬੇਪਰਤੀਤੀ, ਬੇਵਿਸਾਹੀ ਹਰ ਥਾਂ ਰਹੀ ਹੈ ਘੂਰ । ਪੰਥ ਦੀ ਕਦਰ ਕੀਮਤ ਸਾਰੀ ਹੋ ਗਈ ਚਿਕਨਾਚੂਰ ।
ਮਿਲ ਕੇ ਬੈਠੋ, ਮਿਲ ਕੇ ਚਲੋ, ਮਿਲ ਕੇ ਕਰੋ ਸਲਾਹ । ਤਾਂ ਹੀ 'ਨੀਰ' ਪਾਰ ਕਰੋਗੇ ਨਫ਼ਰਤ ਦਾ ਦਰਿਆ ।


## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ

ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਨ ਹੋਣ ਦੀ ਥਾਂ | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ | ਮਾਸਕ ਪੱਤਰ |
| ੩-੪-੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ | ਸੇਵਾ ਸਿੰਘ, ਭਾਰਤੀ |
| ੬. ਮਾਲਕ | ਅਖੰਡ ਕੀਰਤਨੀ ਜਥਾ |

ਜਥੇਦਾਰ ਭਾਈ ਰਾਮ ਸਿੰਘ ਜੀ ਸੁਕੈਡਰਨ ਲੀਡਰ (ਰੀ:)
੧੦੨, ਰਾਣੀ ਕਾ ਬਾਗ, ਅੰਮ੍ਰਿਤਸਰ

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਭਰੋਸੇ ਅਨੁਸਾਰ ਪੂਰੀ ਤਰ੍ਹਾਂ ਠੀਕ ਹੈ ।

ਤਰੀਕ ੧-੩-੯੮ ਦਸਖ਼ਤ ਪਬਲਿਸ਼ਰ—ਸੇਵਾ ਸਿੰਘ




www.AKJ.Org

ਹੋਰਤੁ ਰੰਗਿ ਨ ਰਚੀਐ ਸਭੁ ਕੂੜੁ ਦਿਸੰਦਾ ॥
ਹੋਰਤੁ ਸਾਦਿ ਨ ਲਗੀਐ ਹੋਇ ਵਿਸੁ ਲਗੰਦਾ ॥
ਹੋਰਤੁ ਰਾਗ ਨ ਰੀਝੀਐ ਸੁਣਿ ਸੁਖ ਨ ਲਹੰਦਾ ॥
ਹੋਰ ਬੁਰੀ ਕਰਤੂਤਿ ਹੈ ਲਗੈ ਫਲੁ ਮੰਦਾ ॥
ਹੋਰਤੁ ਪੰਥਿ ਨ ਚਲੀਐ ਠਗ ਚੋਰ ਮੁਹੰਦਾ ॥
ਪੀਰ ਮੁਰੀਦਾਂ ਪਿਰਹੜੀ ਸਚੁ ਸਚਿ ਮਿਲੰਦਾ ॥੧੧॥

[ਭਾਈ ਗੁਰਦਾਸ ਜੀ, ਵਾਰ ੨੭ ਪਉੜੀ ੧੧

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਗੁਰਸਿਖ ਸੰਗਤਾਂ ਵਲੋਂ ਗੁਰਸਿਖ ਪੀੜਤ ਪਰਵਾਰਾਂ ਲਈ ਹੇਠ ਲਿਖੇ ਅਨੁਸਾਰ ਮਾਇਆ ਪੁਜੀ ਹੈ—

| | | | |
|---|---|---|---|
| ਸ: ਪਰਮਜੀਤ ਸਿੰਘ ਅਮ੍ਰੀਕਾ ਵਾਲੇ, ਲੁਧਿਆਣਾ ਤੋਂ | ੬੬੫-੦੦ | ਸ: ਸ਼ਿਵਦੇਵ ਸਿੰਘ ਲੰਡਨ (ਕੀਰਤਨ-ਭੇਟ) ਯੂ.ਕੇ. | ੮੧੩-੦੫ |
| ਰਾਮਗੜ੍ਹੀਆ ਗੁ: ਪ੍ਰਬੰਧਕ ਕਮੇਟੀ ਕੋਵੈਂਟਰੀ ਯੂ.ਕੇ. | ੧੪੭੦੧-੯੮ | ਸ: ਮਨਜੀਤ ਸਿੰਘ, ਬਰਮਿੰਘਮ ,, | ੭੭੦-੦੦ |
| ਸੰਗਤ ਜੈਪੁਰ (ਰਾਜਿਸਥਾਨ) | ੫੦੦-੦੦ | ਸ: ਅਮ੍ਰੀਕ ਸਿੰਘ 10 ਪੌਂਡ, ਸ: ਲੇਂਬਰ ਸਿੰਘ 10 ਪੌਂਡ | |
| ਸ: ਪ੍ਰਿਤਪਾਲ ਸਿੰਘ, ਫੈਨਸੀ ਸਟੋਰ, ਆਦਮਪੁਰ | ੧੦੦-੦੦ | ਸ: ਕੁਲਬੀਰ ਸਿੰਘ 5 ਪੌਂਡ ਰੈਡਿੰਗ ਤੋਂ ,, | ੫੫੦-੦੦ |
| ਭਾਈ ਸਾਹਿਬ ਬਾਬਾ ਜੀਵਨ ਸਿੰਘ ਜੀ | ੨੦,੦੦੦-੦੦ | ਸ: ਸੁਰਿੰਦਰ ਸਿੰਘ ਹੈਂਡਸਵਰਥ ਬਰਮਿੰਘਮ , | ੨੦੬੮-੦੦ |
| ਸ: ਹਰਦਿਤ ਸਿੰਘ, ਫਤਹ ਨਗਰ, ਦਿੱਲੀ | ੨੦੦-੦੦ | ਸ: ਨਰਿੰਦਰਜੀਤਸਿੰਘ ਇੰਦਰਜੀਤਸਿੰਘ ਸਮੈਥਵਿਕ ,, | ੭੮੪-੦੦ |
| JWO ਸ: ਤੇਜਿੰਦਰ ਸਿੰਘ ਮਦਰਾਸ | ੧੦੦-੦੦ | ਸ: ਸੁਰਿੰਦਰ ਸਿੰਘ ਬੀ: ਬਲਬੀਰ ਕੌਰ, ਰੈਡਿੰਗ ,, | ੫੫੦-੦੦ |
| ਸੂਬੇਦਾਰਮਹਿੰਦਰ ਸਿੰਘ, ਰਾਉ ਅਰੁਨਗਾਉ, ਮਹਿਰਾਬਾਦ | ੧੦੦-੦੦ | ਸ: ਹਰੀ ਸਿੰਘ ਚਾਨਾ, ਵਿਲੇਜ ਰੈਡਿੰਗ ,, | ੨੨੭-੫੦ |
| ਭਾਈ ਅਮਰਜੀਤ ਸਿੰਘ, ਕਾਨਪੁਰ | ੧੦੧-੦੦ | ਬੀ: ਬਲਵਿੰਦਰ ਕੌਰ ਸ: ਸੁਰਿੰਦਰ ਸਿੰਘ, ਰੈਡਿੰਗ ,, | ੪੪੦-੦੦ |
| ਡਾ: ਦਲਜੀਤ ਸਿੰਘ, ਪਟਿਆਲਾ | ੫੦੦-੦੦ | ਸ: ਗਿਆਨ ਸਿੰਘ ਹੁੰਜਨ, ਵਿਲੇਜ ਰੈਡਿੰਗ ,, | ੨੨੦-੦੦ |
| ਸ: ਮਹਿੰਦਰ ਸਿੰਘ, ਸ਼ਕਤੀ ਨਗਰ, ਫਗਵਾੜਾ | ੧੦੧-੦੦ | ਸ: ਗੁਰਨਾਮ ਸਿੰਘ ਪੋਸਟਨ ,, | ੨੨੦-੦੦ |
| ਸ: ਪ੍ਰਦੌਮਨ ਸਿੰਘ, 29-ਸ਼ਿਵ ਨਗਰ ਜਲੰਧਰ | ੧੦੦-੦੦ | ਬੀ: ਸੁਰਜੀਤ ਕੌਰ ਧਾਮੀ Markham out ਕੈਨੇਡਾ | ੨੩੮੮-੦੦ |
| ਡਾ: ਨਿਰੰਜਨ ਸਿੰਘ S.A.S. Nagar (ਪੋਤਰੇ ਦੀ ਖੁਸ਼ੀ) | ੫੦੦-੦੦ | ਸਾਧ ਸੰਗਤ ਗੁ: ਸ੍ਰੀ ਗੁਰੂ ਸਿੰਘ ਸਭਾ ਹਿਚਨ ਯੂ ਕੇ | ੮੦੦੮-੦੦ |
| ਸ: ਹਰਮਹਿੰਦਰ ਸਿੰਘ, ਹੁਸ਼ਿਆਰਪੁਰ | ੫੧-੦੦ | ਸ: ਸੋਹਨ ਸਿੰਘ ਢੇਸੀ, ਕੋਵੈਨਟਰੀ ,, | ੫੫੦-੦੦ |
| ਡਾ: ਸਤਨਾਮ ਸਿੰਘ ਸਾਊਥਾਲ (ਯੂ.ਕੇ.) | ੨੬੪-੦੦ | ਭਾਈ ਸਕੰਦਰ ਸਿੰਘ ਕੋਵੈਨਟਰੀ ,, | ੧੧੦੦-੦੦ |
| ਬੀ: ਰਾਜ ਸੁਰਿੰਦਰ ਕੌਰ ਵਿਰਦੀ, ਪੋਸਟਨਾ ,, | ੨੩੦-੦੦ | ਸ: ਹਰਦਿਤ ਸਿੰਘ Twickehnam ,, | ੧੧੦੦-੦੦ |
| ਸ: ਇੰਦਰਪਾਲ ਸਿੰਘ ਗਰੇਵਾਲ ਮੈਡਨਹੈਡ ,, | ੧੧੫੦-੦੦ | ਸ: ਬਹਾਦਰ ਸਿੰਘ ਕੋਵੈਨਟਰੀ ,, | ੫੫੦-੦੦ |
| ਭਾਈ ਮਨਜੀਤ ਸਿੰਘ ਕੀਰਤਨੀਆਂ ,, | ੫੭੫-੦੦ | ਗੁ: ਗੁਰੂ ਨਾਨਕ (ਸਿਖ ਟੈਂਪਲ) ਬਰਮਿੰਘਮ ,, | ੫੭੮੬-੦੦ |
| ਸਾਧ ਸੰਗਤ ਗੁ: ਸਿਖ ਟੈਂਪਲ ਮੈਡਨਹੈਡ (ਰੈਣ ਸਬਾਈ) | ੨੨੦੮-੦੦ | ਬੀਬੀ ਹਰਜਿੰਦਰ ਕੌਰ, ਸਲੋਅ ,, | ੧੧੫-੦੦ |
| ਸ: ਹਰਮਿੰਦਰ ਸਿੰਘ ਸਪੁਤ੍ਰ ਬੀ: ਪਲਵਿੰਦਰ ਕੌਰ ਰੈਡਿੰਗ | ੧੪੩-੭੫ | | |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀਬੀ ਜਸਵੰਤ ਕੌਰ ਸੁਪਤਨੀ ਸ: ਜੋਗਿੰਦਰ ਸਿੰਘ ਅਖਾੜਾ ਨੂੰ ਮਾਸਕ ਸਹਾਇਤਾ | ੩੦੦-੦੦ |
| ਭਾ: ਤੇਜਿੰਦਰ ਪਾਲ ਸਿੰਘ ਤੇ ਭਾ: ਦੇਵਿੰਦਰ ਸਿੰਘ ਸਪੁਤਰ ਸ: ਜੋਗਿੰਦਰ ਸਿੰਘ ਜਲੰਧਰ ਨੂੰ (ਵਿਦਿਆ-ਪ੍ਰਾਪਤੀ) ਮਾਸਕ | ੪੦੦-੦੦ |
| ਭਾਈ ਲਾਭ ਸਿੰਘ ਖੰਨਾ ਨੂੰ ਮਾਸਕ ਸਹਾਇਤਾ (ਮਥਰਾ ਤੋਂ ਉਜੜ ਕੇ) | ੩੦੦-੦੦ |
| ਭਾਈ ਲਾਭ ਸਿੰਘ (ਮਥਰਾ ਸਾਰਾ ਪਰਵਾਰ ਸ਼ਹੀਦ ਕਰਵਾ ਕੇ ਖੰਨੇ) ਨੂੰ ਸਾਰੀਆਂ ਲੋੜਾਂ ਪੂਰੀਆਂ ਕਰਨ ਲਈ | ੨੦੦੦-੦੦ |
| ਬੀਬੀ ਸਿਮਰਨਜੀਤ ਕੌਰ ਸੁਪਤਨੀ ਸ: ਪ੍ਰਕਾਸ਼ ਸਿੰਘ ਸਿਲਮੰਝ (ਜਲੰਧਰ) ਕੇਸ ਦੀ ਪੈਰਵੀ ਤੇ ਬੱਚਿਆਂ ਦੀ ਪੜ੍ਹਾਈ ਲਈ | ੫੦੦੦-੦੦ |
| ਬੀਬੀ ਮੋਹਿੰਦਰ ਕੌਰ ਸੁਪਤਨੀ ਸ਼ਹੀਦ ਸ਼ਾਮ ਸਿੰਘ ਚੌਕ ਮਹਿਤਾ (ਅੰਮ੍ਰਿਤਸਰ) ਬੱਚਿਆਂ ਦੀ ਪਾਲਣਾ ਪੋਸਣਾ ਲਈ | ੫੦੦੦-੦੦ |
| ਬੀਬੀ ਸੁਖਵੰਤ ਕੌਰ ਪੱਟੀ (ਅੰਮ੍ਰਿਤਸਰ) ਪਤੀ ਲਾ-ਪਤਾ ਅਤੇ ਭੁਜੰਗੀ ਹਸਪਤਾਲ ਵਿਚ ਉਪਰੇਸ਼ਨ | ੫੦੦੦-੦੦ |
| ਸ: ਸੁਰਿੰਦਰ ਸਿੰਘ ਸਪੁਤਰ ਸ: ਭੂਪਿੰਦਰ ਸਿੰਘ (ਧਨਬਾਦ-ਬਿਹਾਰ) ਜਲੰਧਰ ਛਾਉਣੀ (ਕਾਰ ਵਿਹਾਰ ਲਈ) | ੩੦੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਸ੍ਰੀ ਅੰਮ੍ਰਿਤਸਰ



www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ

ਜਥੇਦਾਰ ਭਾਈ ਦੀਦਾਰ ਸਿੰਘ ਹਡਰਸਫੀਲਡ ਤੋਂ ਸੂਚਤ ਕਰਦੇ ਹਨ ਕਿ 12–3–88 ਸ਼ਨੀਵਾਰ ਰਾਤ ਨੂੰ ਕੀਰਤਨ ਹੋ ਰਹੇ ਹਨ
Siri Guru Singh Sabha Gurdwara, Havelock Rd, Southall, Middx
ਭਾ: ਦੀਦਾਰ ਸਿੰਘ ਫੋਨ 0484-545165, ਗੁਰਦਵਾਰਾ 01-574-8901, ਭਾ: ਸਤਨਾਮ ਸਿੰਘ 01-571-46 0

## ਅਖੰਡ ਕੀਰਤਨੀ ਜਥਾ ਯੂ. ਕੇ. ਦੀ ਜਨਰਲ ਬਾਡੀ ਦੀ ਮੀਟਿੰਗ

ਜਥੇਦਾਰ ਭਾਈ ਦੀਦਾਰ ਸਿੰਘ ਜੀ ਸੂਚਨਾ ਦੇ ਦੇ ਹਨ ਕਿ ਅਖੰਡ ਕੀਰਤਨੀ ਜਥਾ ਯੂ. ਕੇ. ਦੀ ਨਵੀਂ ਕਮੇਟੀ ਦੇ ਸੇਵਾਦਾਰਾਂ ਦੀ ਚੋਣ 26–3–88 ਦੁਪਹਿਰੇ 2 ਵਜੇ ਗੁਰੂ ਨਾਨਕ ਪ੍ਰਕਾਸ਼ ਗੁਰਦਵਾਰਾ, ਹਾਰਨਾਲ ਲੇਨ ਕੋਵੈਂਟਰੀ ਵਿਖੇ ਹੋ ਰਹੀ ਹੈ। ਸਾਰੇ ਮੈਂਬਰ ਕੋਵੈਂਟਰੀ ਵਿਖੇ ਵੇਲੇ ਸਿਰ ਪੁਜਣ ਦੀ ਕਿਰਪਾਲਤਾ ਕਰਨ, ਵਧੇਰੇ ਜਾਣਕਾਰੀ ਲਈ ਫੋਨ 0484-545165 ਅਤੇ ਕੋਵੈਂਟਰੀ ਫੋਨ 0203-2096 ).

## ਯੂ. ਕੇ. ਦੇ ਲਾਈਫ਼ ਮੈਂਬਰਾਂ ਦੇ ਬਕਾਏ ਤੇ ਚੰਦੇ ਯੂ.ਕੇ. ਵਿਚ ਹੀ ਜਮ੍ਹਾ ਕਰਾਓ

S, Gurnam Singh, 10-Lambourne Gardens, Early, Reading, Berks. U.K.

---

## ਸ਼ਹੀਦ ਭਾਈ ਹਰਭਜਨ ਸਿੰਘ ਦੀ ਸਾਲਾਨਾ ਯਾਦ ਵਿਚ ਪਿੰਡ ਭਠੀਆਂ (ਗੁਰਦਾਸਪੁਰ) ਵਿਖੇ ਸਮਾਗਮ

੧੦ ਅਪ੍ਰੈਲ ਐਤਵਾਰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ ਵਿਚ ਆਇ ਜੁੜੋ ਜੀ।

## ਪਿੰਡ ਫ਼ਤਹਪੁਰ (ਹੁਸ਼ਿਆਰਪੁਰ) ਵਿਖੇ ੨੬ ਮਾਰਚ ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ

ਬਾ: ਅਨੂਪ ਸਿੰਘ ਦੇ ਗ੍ਰਿਹਿ, ਪਿੰਡ ਫਤਹਪੁਰ–ਹੁਸ਼ਿਆਰਪੁਰ ਬੁਲੋਵਾਲ ਸੜਕ ਤੇ। ਸ਼ਾਮ ਨੂੰ ਹੁਸ਼ਿਆਰਪੁਰ ਬਸ ਅਡੇ ਤੋਂ ਟਰਾਲੀ

## ਪਿੰਡ ਸੂਰਜ ਮੱਲ ਕੋਟਲਾ ਨੇੜੇ ਸ਼ਾਹਕੋਟ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ

੨ ਅਪਰੈਲ ਸ਼ਨੀਵਾਰ ਰਾਤ ਨੂੰ ਭਾਈ ਜਰਨੈਲ ਸਿੰਘ ਦੇ ਗ੍ਰਿਹਿ ਵਿਖੇ ਆਇ ਜੁੜੋ ਜੀ।

## ਮਾਸਕ ਰੈਣ ਸਬਾਈ ਕੀਰਤਨ ੧੨ ਮਾਰਚ ਸ਼ਨੀਵਾਰ ਰਾਤ ਨੂੰ ਲੁਧਿਆਣਾ ਵਿਖੇ

ਮਾ: ਸਤਵੰਤ ਸਿੰਘ ਸੂਚਤ ਕਰਦੇ ਹਨ ਕਿ ਭਾਈ ਤੇਗ ਬਹਾਦਰ ਸਿੰਘ ਦੀ ਕੋਠੀ ਨੰ: ੧੧–ਆਤਮ ਨਗਰ ਵਿਖੇ ਆਇ ਜੁੜੋ ਜੀ

## ਮੋਗਾ ਵਿਖੇ ਐਤਵਾਰ ਦੇ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਸਵੇਰੇ ੭ ਤੋਂ ੧੧ ਤਕ

(੧) ੬ ਮਾਰਚ ਭਾਈ ਕਰਨੈਲ ਸਿੰਘ ਜੀ ਆਰੇ ਵਾਲੇ ਦੇ ਗ੍ਰਿਹ ਵਿਖੇ
(੨) ੧੩ ਮਾਰਚ ਪਿੰਡ ਵੈਰੋਕੀ (ਮੋਗਾ) ਭਾਈ ਬਲਵੰਤ ਸਿੰਘ ਦੇ ਗ੍ਰਿਹ ਵਿਖੇ
(੩) ੩ ਅਪ੍ਰੈਲ ਭਾ. ਪ੍ਰਮਿੰਦਰ ਸਿੰਘ ਰਾਹੀਂ ਮਾ: ਚੇਤ ਸਿੰਘ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ (੬ ਤੋਂ ੧ ਤਕ)

## ਸ੍ਰੀ ਅੰਮ੍ਰਿਤਸਰ ਵਿਖੇ ਕੀਰਤਨ ਸਮਾਗਮ ਐਤਵਾਰ ਸਵੇਰੇ ੬ ਤੋਂ ੧੧

(੧) ੬–੩–੮੮ ਭਾ: ਮਾਨ ਸਿੰਘ ਇੰਦਰਜੀਤ ਸਿੰਘ ਹਾਰਡਵੇਅਰ ਸਟੋਰ ਵਲੋਂ ਗੁ: ਪਿਪਲੀ ਸਾਹਿਬ (ਪੁਤਲੀ ਘਰ)
(੨) ੧੩–੩–੮੮ ਭਾ: ਜੁਗਿੰਦਰ ਸਿੰਘ ਸਪੁਤ੍ਰ ਸ: ਰਤਨ ਸਿੰਘ ਦਸਮੇਸ਼ ਨਗਰ, ਨਹਿਰ ਪੁਲ, ਹਰੀਆਂ ਰੋਡ, ਮਜੀਠਾ
ਅਜੀਤ ਨਗਰ ਤੋਂ ਸਵੇਰੇ ੫–੩੦ ਵਜੇ ਬਸ ਚਲੇਗੀ। ਬਟਾਲੇ ਤੋਂ ਬਸਾ : ਦੁਪਹਿਰ ੧੨. ਸ਼ਾਮ ੩ ਵਜੇ

---

## ਮਾਤਾ ਦਰਬਾਰ ਕੋਰ ਜੀ ਜਲੰਧਰ ਵਲੋਂ ਗੁਰਮਤਿ ਪਰਚਾਰ ਨਮਿਤ ਭੇਟਾ

ਭਾਈ ਜਸਵੰਤ ਸਿੰਘ ਤ੍ਰਿਲੋਕ ਸਿੰਘ ਜੀ ਦੇ ਬਜ਼ੁਰਗ, ਮਾਤਾ ਦਰਬਾਰ ਕੋਰ ਜੀ ਆਪਣੇ ਚਲਾਣੇ ਸਮੇ ਗੁਰਮਤਿ ਪ੍ਰਚਾਰ ਲਈ ਬੈਂਕ ਦੀ ਰਕਮ ੧੨.੫੫੯ ਰੁਪਏ ੩੦ ਪੈਸੇ ਅਖੰਡ ਕੀਰਤਨੀ ਜਥਾ ਨੂੰ ਦੇ ਗਏ ਹਨ। ਸਤਿਗੁਰੂ ਖੁਸ਼ੀਆਂ ਬਖਸ਼ਣ।

## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫–੦੦ | ਜੇਲ੍ਹ ਚਿਠੀਆਂ (ਨਵੀਂ ਛਾਪ) | ੩੦–੦੦ |
| ਸੰਤ ਪਦ ਨਿਰਣਯ | ੬–੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭–੫੦ |
| ਗੁਰਮਤਿ ਨਾਮ ਅਭਿਆਸ ਕਮਾਈ | ੬–੫੦ | ਗੁਰਮਤਿ ਬਿਬੇਕ | ੭–੫੦ |
| ਅਣਡਿਠੀ ਦੁਨੀਆ | ੧੦–੦੦ | ਦਰਸ਼ਨ ਝਲਕਾਂ (ਕਵਿਤਾਵਾਂ) | ੫–੦੦ |
| ਵਾਹਿਗੁਰੂ ਸਿਮਰਨ | ੦–੫੦ | ਝਟਕਾਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬–੦੦ |
| ਬਾਬਾ ਵੈਦ ਰੋਗੀਆਂ ਦਾ | ੦–੬੦ | ਸਿੰਘਾਂ ਦਾ ਪੰਥ ਨਿਰਾਲਾ | ੧–੦੦ |
| ਆਸਤਕ ਤੇ ਨਾਸਤਕ | ੦–੩੫ | ਤਿਮਰ ਅਗਿਆਨ ਤੋਂ ਉਜਿਆਰਾ | ੦–੩੦ |
| ਸਿਖੀ ਸਿਦਕ ਤੇ ਧਰਮ ਰੱਖਿਆ (ਕਾਵਿ) | ੦–੬੦ | ਜਥ ਦੇ ਸਿੰਘਾਂ ਦੀ ਦਾਸਤਾਨ | ੦–੮੦ |

www.AKJ.Org

## ਸ: ਦਰਸ਼ਨ ਸਿੰਘ ਜੀ 'ਦਿਲਰੁਬਾ'



ਇਹ ਗੁਰੂ ਕੇ ਲਾਲ, ਭ੍ਰਾ: ਸਾ: ਭਾਈ ਰਣਧੀਰ ਸਿੰਘ ਜੀ ਹੁਰਾਂ ਨਾਲ ਕਾਫ਼ੀ ਸਮਾਂ ਕੀਰਤਨ-ਅਖਾੜਿਆਂ ਵਿਚ ਵਿਚਰਦੇ ਰਹੇ । ਇਹ ਗੁਰਮੁਖ ਜਨ ਰਾਗ ਵਿਦਿਆ ਵਿਚ ਪਰਬੀਨ ਸਨ । ਇਨ੍ਹਾਂ ਦੀਆਂ ਚਲਾਈਆਂ ਹੋਈਆਂ ਰੰਗੀਲੀਆਂ ਰੀਤਾਂ ਜਥੇ ਵਿਚ ਬਹੁਤ ਪਰਚਲਤ ਹੋਈਆਂ । ਭਾਈ ਸਾਹਿਬ ਨੇ ਇਨ੍ਹਾਂ ਦੇ ਕੀਰਤਨ ਤੇ ਪ੍ਰਸੰਨ ਹੋ ਕੇ, ਇਨ੍ਹਾਂ ਦਾ ਨਾਮ 'ਦਿਲਰੁਬਾ' ਰਖਿਆ ਹੋਇਆ ਸੀ । ਇਨ੍ਹਾ ਨੇ ਜਥੇ ਦੇ ਕਈ ਸਿੰਘਾਂ ਸਿੰਘਣੀਆਂ ਨੂੰ ਕੀਰਤਨ ਵਿਦਿਆ ਸਿਖਾਈ । ਆਪਣੀ ਜੁਆਨੀ ਵੇਲੇ ਇਹ ਗਤਕੇ ਦੇ ਚੋਟੀ ਦੇ ਖਿਡਾਰੀ ਸਨ । ਇਨ੍ਹਾਂ ਦੇ ਸਾਰੰ ਬੱਚੇ ਵਾਜੇ ਅਤੇ ਜੋੜੀ ਵਿਚ ਪੂਰੀ ਮਹਾਰਤ ਰਖਦੇ ਹਨ ।

ਇਹ ਗੁਰਮੁਖ ਪਿਆਰੇ ਮਿਤੀ ੧੮.੨.੮੮ ਵੀਰਵਾਰ ਨੂੰ ਅਕਾਲ ਚਲਾਣਾ ਕਰ ਗਏ ਹਨ । ਅਰਦਾਸ ਹੈ, ਅਕਾਲ ਪੁਰਖ ਇਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਸਦੀਵੀ ਨਿਵਾਸ ਬਖਸ਼ਣ ਅਤੇ ਇਨ੍ਹਾਂ ਦੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਅਤੇ ਗੁਰਸਿਖੀ ਦੀ ਚੜ੍ਹਦੀ ਕਲਾ ਬਖਸ਼ਣ ।

## ਵੈਸਾਖੀ ਕੇਂਦਰੀ ਕੀਰਤਨ-ਸਮਾਗਮ ਅੰਮ੍ਰਿਤਸਰ ੧੧ ਤੋਂ ੧੪ ਅਪ੍ਰੈਲ ਵੀਰਵਾਰ ਤਕ

## ਕੁਰਾਲੀ ਗੁਰਦਵਾਰਾ ਸ੍ਰੀ ਗੁਰੂ ਹਰਿਗੋਬਿੰਦ ਗੜ੍ਹ ਵਿਖੇ ਸਾਲਾਨਾ ਕੀਰਤਨ ਤੇ ਅਖੰਡਪਾਠ ਸਮਾਗਮ

੧੭.੩.੮੮ ਸਵੇਰੇ ੭ ਵਜੇ ਸ੍ਰੀ ਅਖੰਡਪਾਠ ਅਰੰਭ, ਰਾਤ ੭-੩੦ ਤੋਂ ੧੦ ਕੀਰਤਨ ਗੁਰਦਵਾਰਾ ਸਿੰਘਪੁਰਾ । ੧੮.੩.੮੮ ਰਾਤ ੭.੩੦ ਤੋਂ ੧੦ ਗੁਰਦਵਾਰਾ ਪਿੰਡ ਚਨਾਲੋਂ, ੧੯.੩.੮੮ ਸਵੇਰੇ ਭੋਗ ਅਖੰਡਪਾਠ, ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ਨੂੰ ਅੰਮ੍ਰਿਤ ਸਿੰਚਾਰ; ਰਾਤ ਨੂੰ ਰੈਣ ਸਬਾਈ ਕੀਰਤਨ, ੨੦.੩.੮੮ ਐਤਵਾਰ ਸਵੇਰੇ ਸਮਾਪਤੀ ।

## ਗੁ: ਬੰਗਲਾ ਸਾਹਿਬ ਬਲੋਲਪੁਰ (ਗੁਰਦਾਸਪੁਰ) ਵਿਖੇ ਸਾਲਾਨਾ ਗੁਰਮਤਿ ਸਮਾਗਮ

ਭਾਈ ਸੁਰੈਣ ਸਿੰਘ ਭਾਈ ਬੁਢਾ ਸਿੰਘ ਜੀ ਸੂਚਤ ਕਰਦੇ ਹਨ ਕਿ ਗੁ: ਬੰਗਲਾ ਸਾਹਿਬ ਪਿੰਡ ਬਲੋਲਪੁਰ ਵਿਖੇ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਉਨ੍ਹਾ ਦੇ ਪਿਆਰੇ ਸਾਥੀ ਡਾਕਟਰ ਬਸੰਤ ਸਿੰਘ ਜੀ ਦੀ ਯਾਦ ਵਿਚ ੩੧ ਮਾਰਚ ਸਵੇਰੇ ਸ੍ਰੀ ਅਖੰਡਪਾਠ ਅਰੰਭ ਹੋ ਕੇ ੨ ਅਪ੍ਰੈਲ ਸ਼ਨੀਵਾਰ ਨੂੰ ਭੋਗ ਪੈਣਗੇ, ਉਪਰੰਤ ਦੁਪਹਿਰ ਤਕ ਕੀਰਤਨ ਹੋਣਗੇ। ਸ਼ਾਮ ਨੂੰ ਅੰਮ੍ਰਿਤ-ਸਿੰਚਾਰ ਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣੇ ਹਨ । ਸ਼ੁਕਰਵਾਰ ੧ ਅਪ੍ਰੈਲ ਸਵੇਰੇ ਗੁ: ਡੇਰਾ ਬਾਬਾ ਨਾਨਕ ਜੀ ਵਿਖੇ ਆਸਾ ਦੀ ਵਾਰ ਦੇ ਕੀਰਤਨ ਹੋਣਗੇ । ਪਿੰਡ ਬਲੋਲਪੁਰ ਬਟਾਲੇ ਤੋਂ ਡੇਰਾ ਬਾਬਾ ਨਾਨਕ ਵਾਲੀ ਸੜਕ ਤੇ ਸਥਿਤ ਹੈ।

## ਸ਼ਹੀਦ ਭਾਈ ਅਵਤਾਰ ਸਿੰਘ ਦੀ ਸਾਲਾਨਾ ਯਾਦ ਵਿਚ ਪਿੰਡ ਕੁਰਾਲਾ (ਹੁਸ਼ਿਆਰਪੁਰ) ਵਿਖੇ ਸਮਾਗਮ

੧੯ ਮਾਰਚ ਸ਼ਨੀਵਾਰ ਸ੍ਰੀ ਅਖੰਡਪਾਠ ਦੇ ਭੋਗ, ਦੁਪਹਿਰ ਤਕ ਕੀਰਤਨ, ਰਾਤ ਨੂੰ ਰੈਣ ਸਬਾਈ ਕੀਰਤਨ, ਆਇ ਜੁੜੋ ਜੀ।

## ਸ਼ਹੀਦ ਵੀਰ ਗੁਰਚਰਨ ਸਿੰਘ ਦੀ ਸਾਲਾਨਾ ਯਾਦ ਵਿਚ ਲੁਧਿਆਣਾ ਵਿਖੇ ਸਮਾਗਮ

੧੬-ਚੀਮਾ ਪਾਰਕ, ਵੀਤ ਪਰਵਾਰ, ਲੁਧਿਆਣਾ ਵਿਖੇ ੨੭ ਮਾਰਚ ਐਤਵਾਰ ਭੋਗ ਸ੍ਰੀ ਅਖੰਡਪਾਠ, ਦੁਪਹਿਰ ਤਕ ਕੀਰਤਨ।

## ਸ: ਹਰਨਾਮ ਸਿੰਘ ਜੀ ਕੋਮਲ ਦੀ ਸਾਲਾਨਾ ਯਾਦ ਵਿਚ ਲੁਧਿਆਣਾ ਵਿਖੇ ਸਮਾਗਮ

ਨਿਊ ਮਾਡਲ ਟਾਊਨ ਨੰ: ੧੨੩ ਵਿਖੇ ੩ ਅਪ੍ਰੈਲ ਐਤਵਾਰ ਭੋਗ ਸ੍ਰੀ ਅਖੰਡਪਾਠ ਦੁਪਹਿਰ ਤਕ ਕੀਰਤਨ ਵਿਚ ਆਇ ਜੁੜੋ ਜੀ।

## ਸ਼ਹੀਦਾਂ ਦੀ ਯਾਦ ਗੁ: ਟਾਹਲੀ ਸਾਹਿਬ (ਸੰਤੋਖਸਰ) ਅੰਮ੍ਰਿਤਸਰ ੨੬ ਮਾਰਚ ਰਾਤ ਰੈਣ ਸਬਾਈ

ਮਨੀਆਰਡਰ ਤੇ ਬੈਂਕ ਡਰਾਫ਼ਟ ਆਦਿ ਭੇਜਣ ਦਾ ਪਤਾ

**Sura Monthly, Bazar Mai Sewan, Amritsar**

www.AKJ.Org